## ਅਧਿਆਇ 6

# ਪਾਪ ਤੋਂ ਬਚਣਾ

ਪੌਲੁਸ, ਜੋ ਕਿ ਗੈਰ-ਕੌਮਾਂ ਦੇ ਲਈ ਰਸੂਲ ਸੀ, ਇੱਕ ਪਰਚਾਰਕ ਸੀ, ਨਾ ਕਿ ਇੱਕ ਦਾਰਸ਼ਨਿਕ। 1 ਕੁਰਿੰਥੀਆਂ ਵਿੱਚ ਉਸ ਨੇ ਖੁਸ਼ਖ਼ਬਰੀ ਦੇ ਅਧਿਆਤਮਕ ਗਿਆਨ ਨੂੰ ਪੇਸ਼ ਕੀਤਾ, ਪਰ ਉਸ ਨੇ ਇਸ ਦਾ ਵੇਰਵਾ ਦੇਣ ਵਿੱਚ ਬਹੁਤ ਹੀ ਥੋੜ੍ਹਾ ਜਿਹਾ ਸਮਾਂ ਗੁਜਾਰਿਆ ਸੀ। ਕੁਰਿੰਥੁਸ ਵਿੱਚ ਬਹੁਤ ਸਾਰੇ ਮਸੀਹੀ ਲੋਕਾਂ ਨੂੰ ਉਨ੍ਹਾਂ ਦੇ ਗੈਰ-ਯਹੂਦੀ ਸਮਾਜ ਬਾਰੇ ਪਹਿਲਾਂ ਤੋਂ ਹੀ ਸਪੱਸ਼ਟ ਜਾਣਕਾਰੀ ਸੀ। ਉਹ ਵਿਹਾਰਕ ਲੋਕ ਸਨ ਜਿਹੜੇ ਆਪਣਾ ਧਿਆਨ ਰੱਖਦੇ ਸਨ ਅਤੇ ਆਪਣੇ ਕੰਮਾਂ ਵਿੱਚ ਲੱਗੇ ਰਹਿੰਦੇ ਸਨ। ਪੌਲੁਸ ਦੇ ਜ਼ਿਆਦਾਤਰ ਪਾਠਕ, ਯੂਨਾਨੀ ਸਮਾਜਿਕ ਅਤੇ ਆਰਥਿਕ ਜੀਵਨ ਦੇ ਹੇਠਲੇ ਵਰਗ ਵਿੱਚੋਂ ਨਹੀਂ ਸਨ, ਜੋ ਕਿ ਆਪਣਾ ਗੁਜਾਰਾ ਚਲਾਉਣ ਲਈ ਮਿਹਨਤ ਮਜਦੂਰੀ ਕਰਦੇ ਸਨ। ਉਹ ਸਮਾਜ ਦੇ ਠੀਕ-ਠਾਕ ਲੋਕ ਸਨ ਅਤੇ ਉਸ ਤੋਂ ਚੰਗੀ ਤਰ੍ਹਾਂ ਵਾਕਫ਼ ਸਨ ਜੋ ਉੱਚ ਦਾਰਸ਼ਨਿਕ ਦਾਇਰਿਆਂ ਵਿੱਚ ਵਾਪਰ ਰਿਹਾ ਸੀ ਅਤੇ ਰੋਮੀ ਜਗਤ ਦੇ ਇਨ੍ਹਾਂ ਚੌਰਾਹਿਆਂ ਵਿੱਚ ਵੱਧ ਫੁੱਲ ਰਿਹਾ ਸੀ। ਪੌਲੁਸ ਨੇ ਉਨ੍ਹਾਂ ਨੂੰ ਖੁਸ਼ਖ਼ਬਰੀ ਅਤੇ ਇੱਕੋ ਸੱਚੇ ਪਰਮੇਸ਼ੁਰ ਦਾ ਪਾਲਣ ਕਰਨ ਦੇ ਲਈ, ਜਿਸ ਨੇ ਉਨ੍ਹਾਂ ਨੂੰ ਪਾਪ ਤੋਂ ਛੁਡਾਉਣ ਦੇ ਲਈ ਆਪਣੇ ਪੁੱਤਰ ਨੂੰ ਭੇਜਿਆ, ਗੈਰ-ਯਹੂਦੀ ਤੌਰ ਤਰੀਕਿਆਂ ਨਾਲ ਭਰੇ ਜੀਵਨ ਦੇ ਵਿੱਚੋਂ ਬਾਹਰ ਕੱਢਿਆ ਸੀ। ਉਨ੍ਹਾਂ ਦਾ ਖੁਸ਼ਖ਼ਬਰੀ ਨੂੰ ਸਵੀਕਾਰ ਕਰਨਾ ਉਨ੍ਹਾਂ ਦੇ ਲਈ ਇੱਕ ਮਹੱਤਵਪੂਰਣ ਸ਼ੁਰੂਆਤੀ ਕਦਮ ਸੀ।

ਜਿਹੜੇ ਕੁਰਿੰਥੁਸ ਵਿੱਚ ਸਨ, ਜਿਹੜੇ ਮਸੀਹ ਦੇ ਵੱਲ ਆ ਚੁੱਕੇ ਸਨ ਉਨ੍ਹਾਂ ਨੂੰ ਬਹੁਤ ਸਾਰੇ ਸਮਝੌਤੇ ਕਰਨੇ ਪੈਣੇ ਸਨ। ਈਸ਼ਵਰੀ ਸੁਭਾਉ ਬਾਰੇ ਨਵੇਂ ਵਿਚਾਰਾਂ ਨੂੰ ਅਪਨਾਉਣ ਤੋਂ ਇਲਾਵਾ, ਉਨ੍ਹਾਂ ਨੂੰ ਇਹ ਸਿੱਖਣਾ ਪੈਣਾ ਸੀ ਕਿ ਪਰਮੇਸ਼ੁਰ ਦੇ ਲੋਕ ਹੋਣ ਦੇ ਨਾਤੇ ਇੱਕ ਦੂਜੇ ਨਾਲ ਕਿਵੇਂ ਵਰਤਣਾ ਹੈ। 1 ਕੁਰਿੰਥੀਆਂ ਵਿੱਚ ਪੌਲੁਸ ਦੀ ਨਿਰਾਸ਼ਾ ਇਹ ਸੀ ਕਿ ਉਸ ਦੇ ਸਾਥੀ ਵਿਸ਼ਵਾਸੀ ਬਹੁਤ ਹੌਲੀ-ਹੌਲੀ ਉੱਨਤੀ ਕਰ ਰਹੇ ਸਨ। ਉਹ ਆਪਣੇ ਪਸੰਦੀਦਾ ਉਪਦੇਸ਼ਕਾਂ ਦੇ ਪ੍ਰਤੀ ਵਫ਼ਾਦਾਰ ਰਹਿੰਦੇ ਹੋਏ ਵੱਡੇ ਹੋਏ ਸਨ। ਉਨ੍ਹਾਂ ਨੇ ਆਪਣੇ ਆਪ ਨੂੰ ਦਲਾਂ ਵਿੱਚ ਵੰਡਣ ਦੇ ਦੁਆਰਾ ਅਨੇਕਾਂ ਗੈਰ-ਯਹੂਦੀ ਸਮਕਾਲੀਨਾਂ ਦੀ ਨਕਲ ਕੀਤੀ ਸੀ, ਜਦੋਂ ਉਨ੍ਹਾਂ ਦੇ ਮਤਭੇਦਾਂ ਦਾ ਅਸਲ ਸਿੱਖਿਆਵਾਂ ਨਾਲੋਂ ਨਿੱਜੀ ਪੱਖਪਾਤਾਂ ਨਾਲ ਵੀ ਵਾਸਤਾ ਸੀ। ਉਹ ਇੱਕ ਦੂਜੇ ਨੂੰ ਪ੍ਰਭਾਵਿਤ ਕਰਨ ਦੀ ਖ਼ਾਤਰ ਆਪਣੀ ਸੂਝ ਅਤੇ ਸ਼ਬਦਾਂ ਵਿਚਲੇ ਚਲਾਕੀ ਭਰੇ ਅੰਤਰ ਦੇ ਪ੍ਰਤੀ ਆਪਣੇ ਪ੍ਰੇਮ ਕਰਕੇ ਮਸੀਹੀ ਸਮਾਜ ਦੀ ਏਕਤਾ ਨੂੰ ਕੁਰਬਾਨ ਕਰ ਰਹੇ ਸਨ।

# ਸਾਥੀ ਮਸੀਹੀ ਲੋਕਾਂ ਵਿਰੁੱਧ ਮੁਕੱਦਮਾ ਕਰਨ ਤੋਂ ਬਚਣਾ (6:1-11)[1]

ਜਦਕਿ ਵਿਸ਼ਵਾਸੀ ਉਪਦੇਸ਼ਕਾਂ ਦੇ ਪ੍ਰਤੀ ਵਫ਼ਾਦਾਰੀਆਂ ਤੇ ਝਗੜ ਰਹੇ ਸਨ, ਉਹ ਉਨ੍ਹਾਂ ਨੈਤਿਕ ਚਿੰਤਾਵਾਂ ਨੂੰ ਅਣਡਿੱਠ ਕਰ ਰਹੇ ਸਨ ਜੋ ਉਨ੍ਹਾਂ ਦੇ ਭਗਤੀ ਵਾਲੇ ਜੀਵਨ ਨੂੰ ਕਮਜ਼ੋਰ ਕਰਨ ਦੇ ਲਈ ਖ਼ਤਰਾ ਸਨ। ਦੋ ਮਸਲਿਆਂ ਨੇ ਇਸ ਕਲੀਸਿਆ ਨੂੰ ਇਸ ਦੇ ਪੁਰਾਣੇ ਜੀਵਨ ਨੂੰ ਪਿੱਛੇ ਛੱਡ ਕੇ ਨਵੇਂ ਜੀਵਨ ਨੂੰ ਅਪਨਾਉਣ ਦੀ ਜਰੂਰਤ ਦੀ ਮਿਸਾਲ ਦਿੱਤੀ। (1) ਕੁਰਿੰਥੁਸ ਦੇ ਮਸੀਹੀ ਲੋਕ ਉਨ੍ਹਾਂ ਦੇ ਆਪਣੇ ਵਿੱਚੋਂ ਹੀ ਇੱਕ ਅਜਿਹੇ ਮਨੁੱਖ ਨੂੰ ਬਰਦਾਸ਼ਤ ਕਰ ਰਹੇ ਸਨ ਜਿਹੜੇ ਖੁੱਲ੍ਹੇ ਆਮ ਆਪਣੇ ਪਿਉ ਦੀ ਤੀਵੀਂ ਨਾਲ ਰਹਿ ਰਿਹਾ ਸੀ। (2) ਭਰਾ ਗੈਰ-ਵਿਸ਼ਵਾਸੀਆਂ ਦੀ ਅਦਾਲਤ ਸਾਹਮਣੇ ਮਾਮਲਿਆਂ ਨੂੰ ਲਿਜਾ ਕੇ ਆਪਣੇ ਆਪ ਵਿੱਚ ਹੀ ਕਾਨੂੰਨੀ ਝਗੜਿਆਂ ਦਾ ਨਬੇੜਾ ਕਰ ਰਹੇ ਸਨ।

ਸਹੀ ਹਾਲਾਤ ਜਿਨ੍ਹਾਂ ਦਾ ਕੁਰਿੰਥੁਸ ਦੀ ਕਲੀਸਿਆ ਦੁਆਰਾ ਸਾਹਮਣਾ ਕੀਤਾ ਗਿਆ ਸੀ ਉਨ੍ਹਾਂ ਦਾ ਕਿਸੇ ਹੋਰ ਕਲੀਸਿਆ ਵਿੱਚ, ਭਾਵੇਂ ਉਹ ਪ੍ਰਾਚੀਨ ਜਾਂ ਆਧੁਨਿਕ ਹੋਵੇ, ਵਿਕਸਤ ਹੋਣਾ ਅਸੰਭਵ ਸੀ। ਫਿਰ ਵੀ, ਪੌਲੁਸ ਦੇ ਨਿਰਦੇਸ਼ ਅੱਜ ਉਨ੍ਹਾਂ ਦੇ ਲਈ ਢੁਕਵੇਂ ਹਨ ਜਿਨ੍ਹਾਂ ਨੂੰ ਨੈਤਿਕ ਮੁੱਦਿਆਂ ਨਾਲ ਨਜਿੱਠਣ ਦੀ ਲੋੜ ਹੈ, ਉਹ ਕੁਝ ਵੀ ਹੋ ਸਕਦੇ ਹਨ। ਪਰਮੇਸ਼ੁਰ ਨੇ ਮਸੀਹੀ ਲੋਕਾਂ ਨੂੰ ਪੌਲੁਸ ਵੱਲੋਂ ਸਿਖਾਈਆਂ ਗਈਆਂ ਵਿਸ਼ੇਸ਼ ਗੱਲਾਂ ਵਿੱਚੋਂ ਸਿਧਾਂਤਾਂ ਨੂੰ ਨਿਚੋੜਨ ਦੀ ਜ਼ਿੰਮੇਵਾਰੀ ਦਿੱਤੀ ਹੈ। ਇਨ੍ਹਾਂ ਸਿਧਾਂਤਾਂ ਨੇ ਸਾਡੇ ਰਹਿਨੁਮਾਈ ਕਰਨਾ ਹੈ ਜਦੋਂ ਸਾਨੂੰ ਅਜਿਹੀਆਂ ਸਮੱਸਿਆਵਾਂ ਹੁੰਦੀਆਂ ਹਨ। ਪੌਲੁਸ ਗੈਰ-ਯਹੂਦੀ ਰੀਤਾਂ ਅਤੇ ਮਸੀਹੀ ਡਾਕਟ੍ਰਿਨ ਅਤੇ ਨੈਤਿਕਤਾ ਦੇ ਨਵੇਂਪਣ ਵਿਚਕਾਰ ਤਨਾਅ ਤੋਂ ਚੰਗੀ ਤਰ੍ਹਾਂ ਵਾਕਫ਼ ਸੀ। ਉਸ ਨੇ ਇਹ ਮੰਗ ਕੀਤੀ ਸੀ ਕਿ ਮਸੀਹੀ ਲੋਕ ਉਨ੍ਹਾਂ ਦੇ ਦਸਤੂਰ ਤੋਂ ਥੋੜ੍ਹਾ ਹਟ ਕੇ ਵੱਖਰੇ ਢੰਗ ਨਾਲ ਵਿਹਾਰ ਕਰਨ। ਮਸੀਹੀ ਲੋਕਾਂ ਦੇ ਲਈ ਇਸ ਉਦਾਹਰਣ ਦੇ ਹਰ ਸਮੇਂ ਅਤੇ ਸਥਾਨ ਵਿੱਚ ਮਹੱਤਵਪੂਰਣ ਅਰਥ ਹਨ।

## ਸੰਤ ਜਗਤ ਦਾ ਨਿਆਉਂ ਕਰਨਗੇ (6:1-3)

**1ਕੀ ਤੁਹਾਡੇ ਵਿੱਚੋਂ ਕਿਸੇ ਦਾ ਇਹ ਹਿਆਉ ਪੈਂਦਾ ਹੈ ਜੋ ਦੂਜੇ ਨਾਲ ਮੁਕੱਦਮਾ ਰੱਖ ਕੇ ਨਬੇੜੇ ਲਈ ਕੁਧਰਮੀਆਂ ਕੋਲ ਜਾਵੇ ਅਤੇ ਸੰਤਾਂ ਕੋਲ ਨਾ? 2ਕੀ ਤੁਸੀਂ ਇਹ ਨਹੀਂ ਜਾਣਦੇ ਭਈ ਸੰਤ ਜਨ ਜਗਤ ਦਾ ਨਿਆਉਂ ਕਰਨਗੇ? ਅਤੇ ਜੇ ਜਗਤ ਦਾ ਨਿਆਉਂ ਤੁਹਾਥੋਂ ਹੋਣਾ ਹੈ ਤਾਂ ਭਲਾ, ਤੁਸੀਂ ਛੋਟੀਆਂ ਤੋਂ ਛੋਟੀਆਂ ਗੱਲਾਂ ਦਾ ਨਬੇੜਾ ਕਰਨ ਦੇ ਜੋਗ ਨਹੀਂ ਹੋ? 3ਕੀ ਤੁਸੀਂ ਨਹੀਂ ਜਾਣਦੇ ਜੋ ਅਸੀਂ ਦੂਤਾਂ ਦਾ ਨਿਆਉਂ ਕਰਾਂਗੇ? ਫੇਰ ਕਿੰਨਾ ਵਧਕੇ ਸੰਸਾਰੀ ਗੱਲਾਂ ਦਾ?**

**ਆਇਤ 1.** ਜਿਵੇਂ ਕਿ ਉਸ ਮਨੁੱਖ ਦੀ ਸਮੱਸਿਆ ਸੀ ਜਿਹੜਾ ਆਪਣੇ ਪਿਉ ਦੀ ਤੀਵੀਂ ਨਾਲ ਰਹਿ ਰਿਹਾ ਸੀ, ਪੌਲੁਸ ਭਰਾਵਾਂ ਵਿਚਕਾਰ ਮੁਕੱਦਮਿਆਂ ਦੀ ਸਮੱਸਿਆ ਬਾਰੇ ਆਸ਼ੰਕਾ ਵਿੱਚ ਸੀ। ਉਸ ਨੇ ਪਹਿਲਾਂ ਇਹ ਲਿਖਿਆ ਸੀ, "ਇਸ ਗੱਲ ਦੀ ਪੱਕੀ ਖਬਰ ਸੁਣੀਦੀ ਹੈ ਜੋ ਤੁਹਾਡੇ ਵਿੱਚ ਹਰਾਮਕਾਰੀ ਹੋ ਰਹੀ ਹੈ . . ." (5:1); ਅਤੇ ਇੱਥੇ ਉਸ ਨੇ ਪੁੱਛਿਆ, **ਕੀ ਤੁਹਾਡੇ ਵਿੱਚੋਂ ਕਿਸੇ ਦਾ ਇਹ ਹਿਆਉ ਪੈਂਦਾ ਹੈ ਜੋ ਦੂਜੇ ਨਾਲ ਮੁਕੱਦਮਾ ਰੱਖ ਕੇ . . .?** ਰਸੂਲ ਹੈਰਾਨ ਸੀ। ਕੀ ਇਹ ਹੋ ਸਕਦਾ ਸੀ ਕਿ ਇਹ ਮਸੀਹੀ ਲੋਕ ਮਸੀਹ ਵਿੱਚ ਸਮਾਜਕ

ਜੀਵਨ ਦੇ ਮੁਢਲੇ ਅਰਥ ਨੂੰ ਭੁੱਲ ਚੁੱਕੇ ਸਨ? ਹਰਾਮਕਾਰੀ ਵਿੱਚ ਰਹਿ ਰਹੇ ਮਨੁੱਖ ਨੂੰ ਅਣਡਿੱਠ ਕਰਕੇ, ਕਲੀਸਿਆ ਆਪਣੀ ਸਮਾਜਕ ਜ਼ਿੰਮੇਵਾਰੀ ਤੋਂ ਭੱਜ ਰਹੀ ਸੀ। ਮੈਂਬਰਾਂ ਦਾ ਫਰਜ਼ ਬਣਦਾ ਸੀ ਕਿ ਉਹ ਸਹੀ ਅਤੇ ਗਲਤ ਵਿੱਚ ਨਿਆਉਂ ਕਰਨ ਅਤੇ ਕਲੀਸਿਆ ਵਿੱਚ ਅਨੁਸ਼ਾਸਨ ਨੂੰ ਲਾਗੂ ਕਰਨ।

> ਉਨ੍ਹਾਂ ਨੇ ਆਪਣੇ ਵਿੱਚ ਨਾ ਸਿਰਫ ਹੈਰਾਨ ਕਰ ਦੇਣ ਵਾਲੇ ਕੁਕਰਮ ਨੂੰ ਬਿਨਾਂ ਨਿਆਉਂ ਕੀਤੇ ਛੱਡ ਦਿੱਤਾ ਸੀ, ਸਮਾਜ ਦੇ ਮੈਂਬਰਾਂ ਵਿਚਕਾਰ ਪੈਸੇ ਨੂੰ ਲੈ ਕੇ ਹੋਣ ਵਾਲੇ ਛੋਟੇ-ਛੋਟੇ ਝਗੜਿਆਂ ਦੇ ਲਈ ਉਹ ਬਾਹਰਲਿਆਂ ਨਿਆਈਆਂ, ਸ਼ਾਇਦ ਪ੍ਰਵਾਸੀ ਨਿਆਈਆਂ ਦੇ ਵੱਲ ਮੁੜ ਗਏ ਸਨ (6:1-11)।[2]

ਉਸ ਮਨੁੱਖ ਦੀ ਹਰਾਮਾਕਾਰੀ ਬਾਰੇ ਜਿਹੜਾ ਆਪਣੇ ਪਿਉ ਦੀ ਤੀਵੀਂ ਨਾਲ ਰਹਿ ਰਿਹਾ ਸੀ ਅਤੇ ਦੁਨਿਆਵੀ ਅਦਾਲਤਾਂ ਵਿੱਚ ਵਿਸ਼ਵਾਸੀਆਂ ਵਿਚਕਾਰ ਮੁਕੱਦਮਿਆਂ ਦੀ ਸਮੱਸਿਆ, ਦੋਹਾਂ ਬਾਰੇ ਪੌਲੁਸ ਦਾ ਧਿਆਨ ਉਸ ਦੇ ਖਬਰੀਆਂ ਦੁਆਰਾ ਲਿਆਂਦਾ ਗਿਆ ਸੀ। ਇਨ੍ਹਾਂ ਮੁੱਦਿਆਂ ਦਾ ਜ਼ਿਕਰ ਉਸ ਪੱਤ੍ਰੀ ਵਿੱਚ ਨਹੀਂ ਸੀ ਕੀਤਾ ਗਿਆ ਜੋ ਸਤਫ਼ਨਾਸ, ਫ਼ੁਰਤੂਨਾਤੁਸ ਅਤੇ ਅਖਾਇਕੁਸ ਨੇ ਕਲੀਸਿਆ ਨੂੰ ਪਹੁੰਚਾਈ ਸੀ (16:17; 7:1)। ਸ਼ਾਇਦ ਕਲੋਏ ਦੇ ਲੋਕ (1:11) ਇਸ ਜਾਣਕਾਰੀ ਦੇ ਲਈ ਉਸ ਦਾ ਸ੍ਰੋਤ ਰਹੇ ਹੋਣਗੇ। ਬੇਲਗਾਮ ਮੈਂਬਰਾਂ ਨੂੰ ਸੁਧਾਰਣ ਦੀ ਕਲੀਸਿਆ ਦੀ ਜ਼ਿੰਮੇਵਾਰੀ ਪਿੱਛੇ ਰਹਿ ਗਈ ਜਦੋਂ ਪੌਲੁਸ 6:12-20 ਵਿੱਚ ਹਰਾਮਕਾਰੀ ਦੇ ਵਿਸ਼ੇ ਵੱਲ ਪਰਤ ਗਿਆ।

50 ਈਸਵੀ ਦੇ ਲਗਭਗ ਕੁਰਿੰਥੁਸ ਵਿੱਚ ਮਸੀਹੀ ਲੋਕਾਂ ਦੀ ਗਿਣਤੀ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ। ਕਲੀਸਿਆ ਕਈ ਵਾਰ ਗਾਯੁਸ ਦੇ ਘਰ ਵਿੱਚ ਇਕੱਠੀ ਹੁੰਦੀ ਸੀ (ਰੋਮੀਆਂ 16:23), ਇਸ ਲਈ ਹੋ ਸਕਦਾ ਹੈ ਕਿ ਇਹ ਮੰਡਲੀ ਜ਼ਿਆਦਾ ਵੱਡੀ ਨਾ ਹੋਵੇ। ਸ਼ਾਇਦ ਪੰਜਾਹ ਜਾਂ ਸਗੋਂ ਇੱਕ ਸੌ ਲੋਕਾਂ ਦੇ ਸਮਾਜ ਵਿੱਚ, ਇਹ ਅਸੰਭਵ ਹੈ ਕਿ ਇੱਕ ਵਿਸ਼ਵਾਸੀ ਦੂਜੇ ਵਿਸ਼ਵਾਸੀ ਦੇ ਵਿਰੁੱਧ ਮੁਕੱਦਮਾ ਕਰਦਾ ਹੋਵੇ। ਸ਼ਾਇਦ, ਰਸੂਲ ਦੇ ਧਿਆਨ ਵਿੱਚ ਇੱਕੋ ਵਿਸ਼ੇਸ਼ ਮਾਮਲਾ ਆਇਆ ਸੀ। ਮਸੀਹੀ ਲੋਕ ਜਿਹੜੇ ਗੈਰ-ਯਹੂਦੀ ਸਮਾਜ ਵਿੱਚ ਘਰ ਦੇ ਅੰਦਰ ਰਹਿੰਦੇ ਸਨ ਉਹ ਪੈਸੇ ਅਤੇ ਜਾਇਦਾਦ ਦੇ ਮਾਮਲਿਆਂ ਤੇ ਝਗੜਿਆਂ ਨੂੰ ਲੈ ਕੇ ਸ਼ਹਿਰ ਦੀਆਂ ਅਦਾਲਤਾਂ ਵਿੱਚ ਜਾਣ ਦੇ ਆਦੀ ਹੋਣਗੇ। ਇਸ ਮਾਮਲੇ ਤੇ ਪੌਲੁਸ ਦਾ ਰੋਸ ਦੋ ਵਿਚਾਰਾਂ ਤੋਂ ਆਇਆ ਸੀ। ਦੁਨਿਆਵੀ ਕਾਨੂੰਨੀ ਅਦਾਲਤਾਂ ਭਰਿਸ਼ਟ ਹੋਣ ਕਰਕੇ ਬਦਨਾਮ ਸਨ ਅਤੇ ਪੌਲੁਸ ਯਹੂਦੀਆਂ ਵੱਲੋਂ ਨਿਆਂ ਦੇਣ ਦੇ ਜ਼ਿਆਦਾ ਸਕਾਰਾਤਮਕ ਨਮੂਨੇ ਬਾਰੇ ਜਾਣਦਾ ਸੀ। ਸਗੋਂ ਰੋਮੀ ਸ਼ਾਸਨ ਹੇਠ ਯਹੂਦਿਯਾ ਵਿਚਲਾ ਯਹੂਦੀ ਸਮਾਜ ਅਤੇ ਬਾਕੀ ਸਾਰਾ ਯਹੂਦੀ ਸਮਾਜ ਵੀ ਸੁਵਿਵਸਥਿਤ ਅਦਾਲਤੀ ਕਾਰਵਾਈਆਂ ਦੇ ਅਨੁਸਾਰ ਕੰਮ ਕਰਦਾ ਸੀ।

6:1 ਵਿੱਚ ਜਦੋਂ ਪੌਲੁਸ ਨੇ **ਕੁਧਰਮੀਆਂ** (οἱ ἄδικοι, *ਹੋਈ ਅਡੀਕੋਈ*) ਦੀ ਅਦਾਲਤ ਵਿੱਚ ਜਾਣ ਦੀ ਸ਼ਿਕਾਇਤ ਕੀਤੀ, ਉਹ ਰੋਮੀ ਜਗਤ ਵਿੱਚ ਅਦਾਲਤੀ ਕਾਰਵਾਈਆਂ ਦਾ ਸਧਾਰਣ ਮੁਲਾਂਕਣ ਨਹੀਂ ਸੀ ਕਰ ਰਿਹਾ। ਅਦਾਲਤਾਂ ਵਿੱਚ ਧਨੀ ਲੋਕਾਂ ਦਾ ਦਬਦਬਾ ਸੀ; ਉਹ ਪ੍ਰਣਾਲੀ ਬਿਨਾਂ ਕਿਸੇ ਪੱਖਪਾਤ ਦੇ ਨਿਆਉਂ ਕਰਨ ਦੇ ਲਈ ਨਹੀਂ ਸੀ ਜਾਣੀ ਜਾਂਦੀ। ਅਕਸਰ ਗਰੀਬ ਲੋਕ ਅਦਾਲਤਾਂ ਦਾ ਸਹਾਰਾ ਲੈਂਦੇ ਸਨ ਅਤੇ ਜਦੋਂ ਉਹ ਅਦਾਲਤ ਵਿੱਚ ਜਾਂਦੇ ਸਨ ਤਾਂ ਉਨ੍ਹਾਂ ਨੂੰ ਇੱਕ ਉਚਿਤ ਸੁਣਵਾਈ ਦੀ ਬਹੁਤ ਘੱਟ ਹੀ ਉਮੀਦ ਹੁੰਦੀ ਸੀ।

ਡੇਵਿਡ ਈ. ਗਾਰਲੈਂਡ ਨੇ ਇਹ ਮੁਲਾਂਕਣ ਕੀਤਾ ਸੀ: "ਸਬੂਤ ਇਹ ਇਸ਼ਾਰਾ ਕਰਦਾ ਹੈ ਕਿ ਇਸ ਯੁੱਗ ਦੀਆਂ ਅਦਾਲਤਾਂ ਵਿੱਚ ਪੱਖਪਾਤ ਵਾਲਾ ਨਿਆਉਂ ਕੀਤਾ ਜਾਂਦਾ ਸੀ ਅਤੇ ਉੱਥੇ ਬਹੁਤ ਸਾਰਾ ਭ੍ਰਿਸ਼ਟਾਚਾਰ ਵੀ ਹੁੰਦਾ ਸੀ।"[3] ਸਿਸੇਰੋ ਨੇ, ਜੋ ਕਿ ਇੱਕ ਪ੍ਰਸਿੱਧ ਬੁਲਾਰਾ, ਵਕੀਲ ਅਤੇ ਸਿਆਸਤਦਾਨ ਸੀ, ਪਹਿਲੀ ਸਦੀ ਈਸਾ ਪੂਰਵ ਵਿੱਚ ਇੱਕ ਰੋਮੀ ਅਦਾਲਤ ਸਾਹਮਣੇ ਰੋਮੀਆਂ ਅਤੇ ਪਰਦੇਸੀਆਂ ਦੁਆਰਾ ਸਾਂਝੇ ਕੀਤੇ ਗਏ ਇੱਕ ਵਿਚਾਰ ਨੂੰ ਵਿਅਕਤ ਕਰਨ ਦੁਆਰਾ ਅਪੀਲ ਕਰਨੀ ਸ਼ੁਰੂ ਕੀਤੀ ਸੀ: "ਇਹ ਅਦਾਲਤਾਂ . . . ਕਦੇ ਕਿਸੇ ਮਨੁੱਖ ਨੂੰ ਦੋਸ਼ੀ ਨਹੀਂ ਠਹਿਰਾਉਣਗੀਆਂ, ਭਾਵੇਂ ਉਹ ਕਿੰਨਾ ਵੀ ਦੋਸ਼ੀ ਕਿਉਂ ਨਾ ਹੋਵੇ, ਜੇਕਰ ਉਸ ਦੇ ਕੋਲ ਪੈਸਾ ਹੈ।"[4] ਯਾਕੂਬ ਨੇ ਪੁੱਛਿਆ, "ਭਲਾ, ਧਨਵਾਨ ਤੁਹਾਡੇ ਨਾਲ ਅਨ੍ਹੇਰ ਨਹੀਂ ਕਰਦੇ? ਅਤੇ ਆਪੇ ਤੁਹਾਨੂੰ ਅਦਾਲਤਾਂ ਵਿੱਚ ਖਿੱਚ ਨਹੀਂ ਖੜਦੇ?" (ਯਾਕੂਬ 2:6)।

ਪੌਲੁਸ ਵਿਸ਼ਵਾਸੀਆਂ ਵਿਚਕਾਰ ਝਗੜਿਆਂ ਦਾ ਨਬੇੜਾ ਕਰਨ ਦੇ ਲਈ ਰੋਮੀ ਨਿਆਉਂ ਦੀ ਦੋ ਤਰ੍ਹਾਂ ਦੀ ਪ੍ਰਣਾਲੀ ਨਹੀਂ ਸੀ ਚਾਹੁੰਦਾ ਇੱਕ ਅਮੀਰਾਂ ਦੇ ਲਈ ਅਤੇ ਦੂਜੀ ਗਰੀਬਾਂ ਦੇ ਲਈ। ਕੁਰਿੰਥੁਸ ਵਿੱਚ ਕੁਝ ਮਸੀਹੀ ਲੋਕ ਗਰੀਬ ਅਤੇ ਬਲਹੀਣ ਸਨ, ਪਰ ਇਹ ਪ੍ਰਮਾਣ ਇਹ ਸੁਝਾਅ ਦਿੰਦਾ ਹੈ ਕਿ ਬਾਕੀ ਮੈਂਬਰਾਂ ਕੋਲ ਕਾਫੀ ਧਨ ਦੌਲਤ ਸੀ ਅਤੇ ਇਸ ਲਈ ਉਨ੍ਹਾਂ ਦਾ ਦੁਨਿਆਵੀ ਜਗਤ ਵਿੱਚ ਰੁਤਬਾ ਕਾਫੀ ਉੱਚਾ ਸੀ। ਕਲੀਸਿਆ ਦੀ ਪਰਾਹੁਣਚਾਰੀ ਕਰਨ ਦੇ ਲਈ ਗਾਯੁਸ ਦਾ ਘਰ ਬਹੁਤ ਵੱਡਾ ਸੀ ਜਿੱਥੇ ਕਲੀਸਿਆ ਇਕੱਠੀ ਹੋ ਕੇ ਬੰਦਗੀ ਕਰ ਸਕਦੀ ਸੀ। ਕੁਰਿੰਥੁਸ ਦਾ ਰਹਿਣ ਵਾਲਾ ਇਰਸਤੁਸ ਸ਼ਹਿਰ ਦਾ ਖਜ਼ਾਨਚੀ ਸੀ (ਵੇਖੋ ਰੋਮੀਆਂ 16:23)। ਪਰਤੱਖ ਰੂਪ ਵਿੱਚ ਸਤਫਨਾਸ ਅਫ਼ਸੁਸ ਵਿੱਚ ਪੌਲੁਸ ਨਾਲ ਸਲਾਹ ਮਸ਼ਵਰਾ ਕਰਨ ਦੇ ਲਈ ਆਪਣੇ ਨਾਲ ਆਪਣੇ ਦੋ ਗੁਲਾਮਾਂ ਨੂੰ ਲੈ ਕੇ ਆਇਆ ਸੀ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਧਨ ਦੌਲਤ ਅਤੇ ਰੁਤਬੇ ਨੇ ਕੁਰਿੰਥੁਸ ਦੇ ਮਸੀਹੀ ਲੋਕਾਂ ਨੂੰ ਅਜਿਹੇ ਭੋਜਨ ਤਿਆਰ ਕਰਨ ਦਿੱਤੇ ਸਨ ਜਿਸ ਨੂੰ ਉਨ੍ਹਾਂ ਨੇ ਉਨ੍ਹਾਂ ਨਾਲ ਸਾਂਝਿਆਂ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਜਿਨ੍ਹਾਂ ਦੇ ਕੋਲ ਘੱਟ ਸੀ (1 ਕੁਰਿੰਥੀਆਂ 11:21)। ਇਸ ਵਿੱਚ ਕੋਈ ਸ਼ੱਕ ਵਾਲੀ ਗੱਲ ਨਹੀਂ ਹੈ ਕਿ ਪੌਲੁਸ ਇਹ ਸਮਾਪਤ ਕਰਨ ਦੁਆਰਾ ਸੁਧਾਰ ਕਰਨਾ ਚਾਹੁੰਦਾ ਹੋਵੇਗਾ ਕਿ ਕੁਰਿੰਥੁਸ ਵਿੱਚ ਗਰੀਬ ਲੋਕਾਂ ਨੂੰ ਦੁਨਿਆਵੀ ਅਦਾਲਤਾਂ ਵਿੱਚ ਨਿਆਉਂ ਮਿਲਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੋਵੇਗੀ ਜਦੋਂ ਉਨ੍ਹਾਂ ਦਾ ਸਾਹਮਣਾ ਅਮੀਰ ਭਰਾਵਾਂ ਨਾਲ ਹੁੰਦਾ ਸੀ। ਅਜਿਹੇ ਅਨਿਆਂ ਨੇ ਉਸ ਨੂੰ ਪਰੇਸ਼ਾਨ ਕੀਤਾ ਸੀ। ਵਿਅਕਤੀਗਤ ਪੱਧਰ ਤੇ, ਪੌਲੁਸ ਰੋਮੀ ਅਦਾਲਤਾਂ ਦੇ ਨਿਆਉਂ ਦੇਣ ਦੀ ਅਸਫ਼ਲਤਾ ਤੋਂ ਵਾਕਫ਼ ਸੀ। ਫ਼ਿਲਿੱਪੈ ਵਿੱਚ, ਉਸ ਨੂੰ ਬਜ਼ਾਰ ਵਿੱਚ ਖਿੱਚ ਕੇ ਲਿਜਾਇਆ ਗਿਆ ਸੀ ਅਤੇ ਮਾਰਿਆ ਕੁੱਟਿਆ ਗਿਆ ਸੀ ਅਤੇ ਉਸ ਨੂੰ ਆਪਣੇ ਆਪ ਦਾ ਬਚਾਅ ਕਰਨ ਦਾ ਮੌਕਾ ਨਹੀਂ ਸੀ ਦਿੱਤਾ ਗਿਆ (ਰਸੂਲਾਂ ਦੇ ਕਰਤੱਬ 16:19)। ਅਫ਼ਸੁਸ ਵਿੱਚ, ਦੇਮੇਤ੍ਰਿਯੁਸ ਅਦਾਲਤੀ ਦੇ ਨਿਯੰਤਰਣ ਦੀ ਗੈਰ-ਮੌਜੂਦਗੀ ਵਿੱਚ ਦੰਗੇ ਫਸਾਦ ਭੜਕਾਉਣ ਵਿੱਚ ਕਾਮਯਾਬ ਹੋਇਆ ਸੀ (ਰਸੂਲਾਂ ਦੇ ਕਰਤੱਬ 19:24, 29)। ਇਸ ਪ੍ਰਕਿਰਿਆ ਵਿੱਚ ਰਸੂਲ ਨੇ ਲਗਭਗ ਆਪਣੀ ਜਾਨ ਹੀ ਗਵਾ ਦਿੱਤੀ ਸੀ (2 ਕੁਰਿੰਥੀਆਂ 1:8, 9)। ਫ਼ੇਲਿਕਸ ਨੇ ਉਸ ਨੂੰ ਜੇਲ ਵਿੱਚ ਰੱਖਿਆ ਸੀ "ਨਾਲੇ ਇਹ ਵੀ ਆਸ ਰੱਖਦਾ ਸੀ ਭਈ ਪੌਲੁਸ ਮੈਨੂੰ ਕੁਝ ਰੋਕੜ ਦੇਵੇਗਾ" (ਰਸੂਲਾਂ ਦੇ ਕਰਤੱਬ 24:26)। ਪੌਲੁਸ ਕੋਲ ਇਸ ਦੇ ਲਈ ਰੋਸ ਜਾਹਰ ਕਰਨ ਦਾ ਚੰਗਾ ਕਾਰਣ ਸੀ ਕਿ ਕੁਰਿੰਥੁਸ ਦੇ ਮਸੀਹੀ ਲੋਕ "ਨਬੇੜੇ ਲਈ ਕੁਧਰਮੀਆਂ ਕੋਲ ਜਾਂਦੇ ਸਨ ਅਤੇ ਸੰਤਾਂ ਕੋਲ ਨਹੀਂ" (1 ਕੁਰਿੰਥੀਆਂ 6:1)।

ਰੋਮੀ ਅਦਾਲਤ ਦੀਆਂ ਕਾਰਵਾਈਆਂ ਦੇ ਆਪਣੇ ਛੋਟੇ ਵਿਚਾਰ ਨੂੰ ਨਾਲ ਜੋੜ ਕੇ, ਪੌਲੁਸ ਦੇ ਕੋਲ ਉਸ ਤਰੀਕੇ ਬਾਰੇ ਇੱਕ ਸਕਾਰਾਤਮਕ ਨਮੂਨਾ ਸੀ ਜਿਸ ਤਰੀਕੇ ਨਾਲ ਯਹੂਦੀ ਸਮਾਜ ਨਿਆਂ ਕਰਦੇ ਸਨ। ਬਿਨਾਂ ਕਿਸੇ ਝਿਜਕ ਦੇ, ਕਲੌਦਿਯੁਸ ਲੁਸਿਯੁਸ ਨੇ ਪੌਲੁਸ ਦੇ ਵਿਰੁੱਧ ਦੋਸ਼ ਤਿਆਰ ਕਰਨ ਦੇ ਲਈ ਯਰੂਸ਼ਲਮ ਵਿੱਚ ਯਹੂਦੀ ਅਦਾਲਤ ਨੂੰ ਮੁਲਤਵੀ ਕਰ ਦਿੱਤਾ ਸੀ (ਰਸੂਲਾਂ ਦੇ ਕਰਤੱਬ 22:30; ਵੇਖੋ 23:26; 24:7, 22)। ਰੋਮੀ ਪ੍ਰਸੰਨ ਹੁੰਦੇ ਸਨ ਜਦੋਂ ਉਨ੍ਹਾਂ ਦੇ ਜਿੱਤੇ ਹੋਏ ਲੋਕ ਉਨ੍ਹਾਂ ਦੀ ਆਪਣੀ ਅਦਾਲਤ ਅਤੇ ਕਾਨੂੰਨੀ ਮਾਮਲਿਆਂ ਨੂੰ ਸੰਭਾਲਦੇ ਸਨ। ਇਹ ਇੱਕ ਝੂਠਾ ਦਾਅਵਾ ਹੈ ਕਿ ਯਹੂਦੀ ਲੋਕਾਂ ਨੂੰ ਪਿਲਾਤੁਸ ਦੇ ਸਾਹਮਣੇ ਲਿਜਾਇਆ ਗਿਆ ਸੀ ਜਦੋਂ ਉਨ੍ਹਾਂ ਨੇ ਵਿਰੋਧ ਕੀਤਾ ਸੀ, "ਕਿਸੇ ਨੂੰ ਕਤਲ ਕਰਨਾ ਸਾਡੇ ਵੱਸ ਨਹੀਂ" (ਯੂਹੰਨਾ 18:31)। ਰੋਮੀ ਲੋਕਾਂ ਨੇ ਸ਼ਾਇਦ ਹੀ ਇਸ ਗੱਲ ਤੇ ਧਿਆਨ ਦਿੱਤਾ ਹੋਵੇਗਾ ਕਿ ਰਾਜ ਕਰਨ ਵਾਲਾ ਯਹੂਦੀ ਉੱਚ ਵਰਗ ਯਿਸੂ ਨੂੰ ਸ਼ਹਿਰੋਂ ਬਾਹਰ ਲੈ ਗਿਆ ਅਤੇ ਉਸ ਨੂੰ ਚਤੁਰਾਈ ਨਾਲ ਪਥਰਾਉ ਕੀਤਾ, ਜਿਵੇਂ ਅਸਲ ਵਿੱਚ ਉਨ੍ਹਾਂ ਨੇ ਇਸਤੀਫ਼ਾਨ ਦੇ ਮਾਮਲੇ ਵਿੱਚ ਕੀਤਾ ਸੀ (ਰਸੂਲਾਂ ਦੇ ਕਰਤੱਬ 7:58)। ਰਾਜਨੀਤਿਕ ਕਾਰਣਾਂ ਕਰਕੇ, ਜਾਜਕੀ ਪੰਥ ਯਿਸੂ ਦੀ ਮੌਤ ਦਾ ਦੋਸ਼ ਰੋਮੀ ਲੋਕਾਂ ਤੇ ਲਾਉਣਾ ਚਾਹੁੰਦਾ ਸੀ। ਪਿਲਾਤੁਸ ਜਾਣਦਾ ਸੀ ਕਿ ਉਹ ਕੀ ਕਰ ਰਹੇ ਸਨ; ਉਸ ਨੇ ਯਿਸੂ ਦੀ ਨਿਰਦੋਸ਼ਤਾ ਨੂੰ ਪਛਾਣ ਲਿਆ ਸੀ ਪਰ ਉਸ ਵਿੱਚ ਯਿਸੂ ਨੂੰ ਰਿਹਾਅ ਕਰਨ ਦੀ ਦਿਲੇਰੀ ਦੀ ਕਮੀ ਸੀ। ਅਦਾਲਤਾਂ ਉਨ੍ਹਾਂ ਅਦਾਲਤਾਂ ਦੀ ਤਰਜ ਤੇ ਬਣਾਈਆਂ ਗਈਆਂ ਸਨ ਜੋ ਯਹੂਦਿਯਾ ਵਿੱਚ ਸਨ ਅਤੇ ਇਹ ਪੂਰੇ ਯਹੂਦੀ ਇਲਾਕੇ ਵਿੱਚ ਫੈਲੀਆਂ ਹੋਈਆਂ ਸਨ। "ਜਿੱਥੇ ਕਿਤੇ ਵੀ ਯਹੂਦੀ ਲੋਕ ਗਏ ਉਹ ਆਪਣੇ ਨਾਲ ਅਦਾਲਤ ਨੂੰ ਲੈ ਗਏ ਅਤੇ ਉਨ੍ਹਾਂ ਨੇ ਆਪਣੇ ਸਮਾਜ ਦੇ ਮੈਂਬਰਾਂ ਦੇ ਲਈ ਇਸ ਦੇ ਨਿਰਦੇਸ਼ ਅਨੁਸਾਰ ਨਿਆਉਂ ਦੀ ਅਦਾਲਤ ਲਗਾਈ।"[5]

ਉਹ ਲੋਕ ਜਿਨ੍ਹਾਂ ਨੇ ਆਧੁਨਿਕ ਪੱਛਮੀ ਸੱਭਿਆਚਾਰ ਵਿੱਚ ਅਦਾਲਤਾਂ ਦਾ ਅਨੁਭਵ ਕੀਤਾ ਹੈ ਸੰਭਵ ਤੌਰ ਤੇ ਇਸ ਨੂੰ ਅਜੀਬ ਸੋਚਣਗੇ ਕਿ ਰੋਮੀ ਅਦਾਲਤਾਂ ਯਹੂਦੀ ਜਾਂ ਮਸੀਹੀ ਅਦਾਲਤਾਂ ਨੂੰ ਸਹਿਣ ਕਰਨਗੀ। ਸਮੱਸਿਆ ਪਛਾਣਨ ਨਾਲ ਘੱਟ ਤੀਬਰ ਬਣਦੀ ਹੈ ਅਤੇ ਰੋਮੀ ਲੋਕਾਂ ਦੇ ਦ੍ਰਿਸ਼ਟੀਕੋਣ ਤੋਂ, ਅਦਾਲਤੀ ਪ੍ਰਣਾਲੀ ਇੱਕ ਸੇਵਾ ਸੀ ਜੋ ਰਾਜ ਕਾਫ਼ੀ ਖਰਚੇ ਤੇ ਇਸ ਦੇ ਨਾਗਰਿਕਾਂ ਨੂੰ ਪ੍ਰਦਾਨ ਕਰਦਾ ਸੀ। ਅਧਿਕਾਰੀ ਇਸ ਗੱਲ ਤੋਂ ਪ੍ਰਸੰਨ ਸਨ ਕਿ ਨਸਲੀ ਸਮਾਜ ਆਪਣੇ ਆਪ ਤੇ ਰਾਜ ਕਰਨ ਅਤੇ ਉਨ੍ਹਾਂ ਦਾ ਆਪਣਾ ਨਿਆਉਂ ਖ਼ੁਦ ਕਰਨ। ਯਰੂਸ਼ਲਮ ਵਿੱਚ ਮਹਾਂਜਾਜਕ ਇਸ ਹੱਦ ਤੱਕ ਗਏ ਕਿ ਉਨ੍ਹਾਂ ਨੇ ਦੰਮਿਸਕ ਦੇ ਸਮਾਜਾਂ ਦੁਆਰਾ ਲਾਗੂ ਕੀਤੇ ਜਾਣ ਦੇ ਲਈ ਫਰਮਾਨ ਦਿੱਤੇ (ਰਸੂਲਾਂ ਦੇ ਕਰਤੱਬ 9:1, 2)। ਈਮਿਲ ਸਕੁਰਰ ਨੇ ਲਿਖਿਆ, "ਇਹ ਸਭ ਇਸ ਤੋਂ ਵੇਖਿਆ ਜਾ ਸਕਦਾ ਹੈ ਕਿ ਅਸਲ ਵਿੱਚ ਯਹੂਦੀ ਲੋਕਾਂ ਨੇ ਨਾ ਸਿਰਫ ਨਾਗਰਿਕ ਪਰ ਸਗੋਂ ਉਨ੍ਹਾਂ ਦੇ ਆਪਣੇ ਮੈਂਬਰਾਂ ਦੇ ਪ੍ਰਤੀ ਅਪਰਾਧੀ ਅਧਿਕਾਰ ਖੇਤਰ ਨੂੰ ਲਾਗੂ ਕੀਤਾ।"[6] ਪੌਲੁਸ ਦੇ ਲਈ, ਯਹੂਦੀ ਲੋਕਾਂ ਦੀਆਂ ਅਦਾਲਤਾਂ ਇੱਕ ਨਮੂਨਾ ਪੇਸ਼ ਕਰਦੀਆਂ ਸਨ ਜੋ ਦੁਨਿਆਵੀ ਅਦਾਲਤਾਂ ਦੇ ਮੁਕਾਬਲੇ ਮਸੀਹੀ ਲੋਕਾਂ ਦੇ ਲਈ ਇੱਕੋ ਜਿਹਾ ਨਿਆਂ ਲੈ ਕੇ ਆਉਣਗੀਆਂ।

**ਆਇਤ 2.** ਜਦਕਿ ਪੌਲੁਸ ਸਪੱਸ਼ਟ ਤੌਰ ਤੇ ਕਹਿ ਰਿਹਾ ਸੀ ਕਿ ਮਸੀਹੀ ਲੋਕਾਂ ਨੂੰ ਦੁਨਿਆਵੀ ਅਦਾਲਤਾਂ ਦੇ ਸਾਹਮਣੇ ਜਾਣ ਤੋਂ ਬਿਨਾਂ ਉਨ੍ਹਾਂ ਦੇ ਆਪਣੇ ਨਿਆਈਆਂ ਦੇ ਸਾਹਮਣੇ ਝਗੜਿਆਂ ਨੂੰ ਨਬੇੜਨਾ ਚਾਹੀਦਾ ਹੈ, ਇਸ ਦਲੀਲ ਦਾ ਸਮਰਥਨ ਕਰਨ ਦੇ ਲਈ ਉਸ ਨੇ ਜੋ ਗੱਲ ਪੇਸ਼ ਕੀਤੀ ਉਹ ਓਨੀ ਸਪੱਸ਼ਟ ਨਹੀਂ ਹੈ। ਉਸ ਨੇ ਪੁੱਛਿਆ, **ਕੀ ਤੁਸੀਂ ਇਹ**

**ਨਹੀਂ ਜਾਣਦੇ ਭਈ ਸੰਤ ਜਨ ਜਗਤ ਦਾ ਨਿਆਉਂ ਕਰਨਗੇ?** ਦੋ ਟਿੱਪਣੀਆਂ ਸਹਾਇਕ ਹੋ ਸਕਦੀਆਂ ਹਨ। ਪਹਿਲੀ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਰਸੂਲ ਦਾਨੀਏਲ 7:22 ਨੂੰ ਅਪੀਲ ਕਰ ਰਿਹਾ ਹੈ: ". . . ਅੱਤ ਮਹਾਨ ਦੇ ਸੰਤਾਂ ਦਾ ਨਿਆਉਂ ਨਾ ਦਿੱਤਾ ਗਿਆ।" LXX ਵਿੱਚ ਇਸ ਹਵਾਲੇ ਦਾ ਅਰਥ ਇਸ ਤਰ੍ਹਾਂ ਦਿੱਤਾ ਗਿਆ ਹੈ, καὶ τὴν κρίσιν ἔδωκε τοῖς ἁγίοις τοῦ ὑψίστου (*ਕਾਈ ਟੇਨ ਕਰਿਸਿਨ ਈਡੋਕੇ ਟੋਇਸ ਹੇਗੀਓਇਸ ਟੋ ਹੁਪਸਿਸਟੋ*), ". . . ਅਤੇ ਉਹ ਨੇ ਅੱਤ ਮਹਾਨ ਦੇ ਸੰਤਾਂ ਦਾ ਨਿਆਉਂ ਦਿੱਤਾ," ਜਿਸ ਦਾ ਵਿਸਤਰਤ ਰੂਪ ਵਿੱਚ ਅਰਥ ਇਹ ਸਮਝਿਆ ਗਿਆ ਕਿ ਪਰਮੇਸ਼ੁਰ ਅੰਤ ਦੇ ਸਮੇਂ ਵਿੱਚ ਨਿਆਉਂ ਵਿੱਚ ਚੁਣੇ ਹੋਇਆਂ ਨੂੰ ਸੂਚੀ ਵਿੱਚ ਸ਼ਾਮਲ ਕਰੇਗਾ। ਗੋਰਡਨ ਡੀ. ਫੀ ਨੇ ਟਿੱਪਣੀ ਕੀਤੀ ਸੀ ਕਿ ਇਹ ਹਵਾਲਾ "ਕੁਮਰਾਨ ਸਮੇਤ, ਵੱਖ-ਵੱਖ ਕਿਸੇ ਦੀਆਂ ਮੂਲ ਲਿਖਤਾਂ ਵਿੱਚੋਂ ਲਿਆ ਗਿਆ ਸੀ।"[7] ਇੱਕ ਸੰਖੇਪ ਤਰੀਕਾ ਜਿਸ ਵਿੱਚ ਪਰਮੇਸ਼ੁਰ ਆਖ਼ਰੀ ਨਿਆਉਂ ਵਿੱਚ ਸੰਤਾਂ ਨੂੰ ਸ਼ਾਮਲ ਕਰੇਗਾ ਇੱਥੇ ਇੱਕ ਮੁੱਦਾ ਨਹੀਂ ਸੀ। ਇਸ ਨੂੰ ਇੱਕ ਤੱਥ ਵਜੋਂ ਬਿਆਨ ਕੀਤਾ ਗਿਆ ਸੀ ਕਿ ਉਹ ਜਗਤ ਦਾ ਨਿਆਉਂ ਕਰਨ ਵਿੱਚ ਹਿੱਸਾ ਲੈਣਗੇ।

ਦੂਜੀ, ਪੌਲੁਸ ਦੀ ਦਲੀਲ ਵੱਡੇ ਤੋਂ ਲੈ ਕੇ ਛੋਟੇ ਤੱਕ ਦਿੱਤੀ ਗਈ ਸੀ; ਅਰਥਾਤ, ਜੇਕਰ ਪਰਮੇਸ਼ੁਰ ਮਸੀਹੀ ਲੋਕਾਂ ਨੂੰ ਵੇਖੇਗਾ ਜਦੋਂ ਉਹ ਜਗਤ ਦਾ ਨਿਆਉਂ ਕਰੇਗਾ, ਨਿਸ਼ਚਤ ਤੌਰ ਤੇ ਉਹ ਛੋਟੀਆਂ ਗੱਲਾਂ ਵਿੱਚ ਨਿਆਉਂ ਕਰਨ ਦੇ ਯੋਗ ਸਨ। ਵਰਤਮਾਨ ਯੁੱਗ ਵਿੱਚ "ਬਾਹਰਲਿਆਂ ਦਾ ਨਿਆਉਂ ਕਰਨ" ਦੀ ਮਸੀਹੀ ਲੋਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ; ਉਨ੍ਹਾਂ ਨੇ "ਉਨ੍ਹਾਂ ਦਾ ਨਿਆਉਂ ਕਰਨਾ ਹੈ ਜਿਹੜੇ ਕਲੀਸਿਆ ਦੇ ਅੰਦਰ ਹਨ" (5:12)। ਜਦੋਂ ਪ੍ਰਭੂ ਦੁਬਾਰਾ ਵਾਪਸ ਆਵੇਗਾ ਅਤੇ ਸਾਰੀ ਮਨੁੱਖਜਾਤੀ ਨਿਆਉਂ ਵਿੱਚ ਉਸ ਦੇ ਸਾਹਮਣੇ ਖੜ੍ਹੀ ਹੋਵੇਗੀ (2 ਕੁਰਿੰਥੀਆਂ 5:10); ਮਸੀਹੀ ਲੋਕਾਂ ਦੇ ਧਰਮੀ ਜੀਵਨ ਉਸੇ ਤਰ੍ਹਾਂ ਲੋਕਾਂ ਦਾ ਨਿਆਉਂ ਕਰਨਗੇ ਜਿਸ ਤਰ੍ਹਾਂ ਨੂਹ ਦੀ ਧਾਰਮਿਕਤਾ ਨੇ ਪ੍ਰਾਚੀਨ ਸੰਸਾਰ ਤੇ ਦੋਸ਼ ਲਗਾਇਆ ਸੀ (ਇਬਰਾਨੀਆਂ 11:7)।

ਪੌਲੁਸ ਨੇ ਅੱਗੇ ਇਹ ਪੁੱਛਿਆ, ਜੇ **ਜਗਤ ਦਾ ਨਿਆਉਂ ਤੁਹਾਥੋਂ ਹੋਣਾ ਹੈ ਤਾਂ ਭਲਾ**, **ਤੁਸੀਂ ਛੋਟੀਆਂ ਤੋਂ ਛੋਟੀਆਂ ਗੱਲਾਂ ਦਾ ਨਬੇੜਾ ਕਰਨ ਦੇ ਜੋਗ ਨਹੀਂ ਹੋ?** ਇਹ ਸਵਾਲ ਇਹ ਤਰਕ ਦਿੰਦਾ ਹੈ ਕਿ ਕਿਉਂਕਿ ਸੰਤ ਜਗਤ ਦਾ ਨਿਆਉਂ ਕਰਨ ਵਿੱਚ ਹਿੱਸਾ ਲੈਣਗੇ, ਉਹ ਛੋਟੀਆਂ-ਛੋਟੀਆਂ ਗੱਲਾਂ ਦਾ ਨਬੇੜਾ ਕਰਨ ਦੇ ਯੋਗ ਹਨ। ਕੁਰਿੰਥੁਸ ਦੇ ਲੋਕਾਂ ਨੇ ਮਸੀਹੀ ਸਮਾਜ ਦੇ ਅੰਦਰ ਆਪਣੇ ਆਪ ਵਿੱਚ ਹੀ ਸਾਰੇ ਝਗੜਿਆਂ ਦਾ ਨਬੇੜਾ ਕਰਨਾ ਸੀ। ਝਗੜਿਆਂ ਬਾਰੇ ਅਜਿਹਾ ਸੰਕਲਪ ਸੰਭਵ ਤੌਰ ਤੇ ਜ਼ਿਆਦਾ ਉਚਿਤ ਸੀ।

**ਆਇਤ 3.** ਇਹ ਕਿ ਵਿਸ਼ਵਾਸੀਆਂ ਦੇ ਧਰਮੀ ਜੀਵਨ ਮਨੁੱਖਜਾਤੀ ਦੇ ਪਰਮੇਸ਼ੁਰ ਦੇ ਆਖ਼ਰੀ ਨਿਆਉਂ ਤੇ ਅਸਰ ਪਾਉਣਗੇ ਕਾਫੀ ਗੰਭੀਰ ਗੱਲ ਹੈ, ਪਰ ਪੌਲੁਸ ਨੇ ਇਸ਼ਾਰਾ ਕੀਤਾ ਸੀ ਕਿ ਪਰਮੇਸ਼ੁਰ ਦੇ ਸੰਤਾਂ ਲਈ ਉਸ ਦਾ ਉੱਚਾ ਸਨਮਾਨ ਇਸ ਤੋਂ ਵੀ ਪਰੇ ਜਾਂਦਾ ਹੈ। ਪਹਿਲੇ ਵਿਅਕਤੀ ਵੱਲ ਜਾਂਦਿਆਂ ਰਸੂਲ ਨੇ ਪੁੱਛਿਆ, **ਕੀ ਤੁਸੀਂ ਨਹੀਂ ਜਾਣਦੇ ਜੋ ਅਸੀਂ ਦੂਤਾਂ ਦਾ ਨਿਆਉਂ ਕਰਾਂਗੇ?** 2 ਪਤਰਸ 2:4 ਅਤੇ ਯਹੂਦਾਹ 6 ਉਨ੍ਹਾਂ ਦੂਤਾਂ ਬਾਰੇ ਗੱਲ ਕਰਦੀਆਂ ਹਨ ਜਿਨ੍ਹਾਂ ਨੇ ਪਾਪ ਕੀਤਾ ਸੀ। ਲਿਖਤਾਂ ਸਾਨੂੰ ਇਸ ਤੱਥ ਤੋਂ ਪਰੇ ਥੋੜ੍ਹੀ ਜਿਹੀ ਜਾਣਕਾਰੀ ਦਿੰਦਿਆਂ ਹਨ ਕਿ ਕੁਝ ਦੂਤਾਂ ਨੇ ਪਾਪ ਕੀਤਾ ਸੀ ਅਤੇ ਆਪਣੇ ਅਪਰਾਧਾਂ ਦੇ ਲਈ ਓਨੇ ਹੀ ਜਵਾਬਦੇਹ ਹਨ ਜਿੰਨੇ ਕਿ ਲੋਕ ਜਵਾਬਦੇਹ ਹਨ। ਦੂਤਾਂ ਦਾ ਜ਼ਿਕਰ ਕਰਦਿਆਂ ਜਿਨ੍ਹਾਂ ਦਾ ਨਿਆਉਂ ਵਿਸ਼ਵਾਸੀਆਂ ਦੁਆਰਾ ਕੀਤਾ ਜਾਵੇਗਾ, ਪੌਲੁਸ, ਪਤਰਸ ਅਤੇ

ਯਹੂਦਾਹ ਨੇ ਸ਼ਤਾਨ ਦਾ ਕੋਈ ਹਵਾਲਾ ਨਹੀਂ ਦਿੱਤਾ।

"ਜਗਤ" ਜਾਂ "ਦੂਤਾਂ" ਦਾ ਨਿਆਉਂ ਕਰਨ ਵਿੱਚ ਮਸੀਹੀ ਲੋਕਾਂ ਦੀ ਛੋਟੀ ਜਿਹੀ ਭੂਮਿਕਾ ਬਾਰੇ ਵਿਸਤਾਰ ਵਿੱਚ ਨਹੀਂ ਦੱਸਿਆ ਗਿਆ ਹੈ। ਪੌਲੁਸ ਦਾ ਅਰਥ ਨਿਸ਼ਚਤ ਤੌਰ ਤੇ ਇਹ ਸੁਝਾਅ ਦੇਣਾ ਨਹੀਂ ਸੀ ਕਿ ਪਰਮੇਸ਼ੁਰ ਮਨੁੱਖੀ ਨਿਆਈਆਂ ਨੂੰ ਮੁਲਤਵੀ ਕਰ ਦੇਵੇਗਾ ਜੇਕਰ ਉਨ੍ਹਾਂ ਦੇ ਫ਼ੈਸਲੇ ਉਸ ਦੇ ਆਪਣੇ ਫ਼ੈਸਲਿਆਂ ਨਾਲੋਂ ਅਲੱਗ ਹੋਣਗੇ। ਜ਼ਿਆਦਾ ਉਚਿਤ ਰੂਪ ਵਿੱਚ, ਮਸੀਹੀ ਲੋਕਾਂ ਦੇ ਵਫ਼ਾਦਾਰ ਜੀਵਨ ਦੂਤਾਂ ਦੇ ਪਾਪ ਦਾ ਉਸੇ ਤਰ੍ਹਾਂ ਨਿਆਉਂ ਕਰਨਗੇ ਜਿਸ ਤਰ੍ਹਾਂ ਉਨ੍ਹਾਂ ਦੇ ਚੰਗੇ ਜੀਵਨ ਕੁਧਰਮੀ ਜਗਤ ਦਾ ਨਿਆਉਂ ਕਰਨਗੇ (ਵੇਖੋ ਮੱਤੀ 19:28; ਇਬਰਾਨੀਆਂ 11:7)। ਦੂਤਾਂ ਬਾਰੇ ਦਿੱਤਾ ਗਿਆ ਰਸੂਲ ਦਾ ਹਵਾਲਾ 6:2 ਵਿੱਚ ਕੀਤੇ ਗਏ ਸਵਾਲਾਂ ਤੇ ਜ਼ੋਰ ਦਿੰਦਾ ਹੈ। ਕੁਰਿੰਥੁਸ ਦੇ ਮਸੀਹੀ ਲੋਕ ਨਿਆਉਂ ਕਰਨ ਦੇ ਯੋਗ ਸਨ ਜਦੋਂ ਉਨ੍ਹਾਂ ਦੇ ਵਿੱਚੋਂ ਆਪਣੇ ਹੀ ਲੋਕ **ਸੰਸਾਰੀ ਗੱਲਾਂ** ਤੇ ਝਗੜਾ ਕਰਦੇ ਸਨ।

### ਮੁਕੱਦਮੇ ਗੈਰ-ਵਿਸ਼ਵਾਸੀਆਂ ਦੇ ਲਈ ਹਨ (6:4-8)

**4ਉਪਰੰਤ ਜੇ ਤੁਹਾਨੂੰ ਸੰਸਾਰੀ ਗੱਲਾਂ ਦਾ ਨਬੇੜਾ ਕਰਨਾ ਪੈਂਦਾ ਹੈ ਤਾਂ ਜਿਹੜੇ ਕਲੀਸਿਆ ਵਿੱਚ ਤੁੱਛ ਗਿਣੇ ਜਾਂਦੇ ਹਨ ਭਲਾ, ਤੁਸੀਂ ਓਹਨਾਂ ਨੂੰ ਠਹਿਰਾਉਂਦੇ ਹੋ? 5ਮੈਂ ਤੁਹਾਨੂੰ ਲੱਜਿਆਵਾਨ ਕਰਨ ਲਈ ਇਹ ਆਖਦਾ ਹਾਂ। ਕੀ ਤੁਹਾਡੇ ਵਿੱਚ ਇੱਕ ਵੀ ਐਨਾ ਬੁੱਧਵਾਨ ਨਹੀਂ ਜੋ ਆਪਣੇ ਭਰਾਵਾਂ ਦਾ ਮੁਕੱਦਮਾ ਨਬੇੜ ਸੱਕੇ? 6ਸਗੋਂ ਭਰਾ ਭਰਾ ਉੱਤੇ ਨਾਲਸ਼ ਕਰਦਾ ਹੈ ਸੋ ਵੀ ਬੇਪਰਤੀਤਿਆਂ ਅੱਗੇ। 7ਹੁਣ ਤਾਂ ਤੁਹਾਡੇ ਵਿੱਚ ਇੱਕ ਵੱਡਾ ਘਾਟਾ ਹੈ ਕਿ ਤੁਸੀਂ ਇੱਕ ਦੂਏ ਉੱਤੇ ਮੁਕੱਦਮਾ ਬਣਾਉਂਦੇ ਹੋ। ਤੁਸੀਂ ਸਗੋਂ ਕੁਨਿਆਉਂ ਕਿਉਂ ਨਹੀਂ ਸਹਾਰ ਲੈਂਦੇ? ਤੁਸੀਂ ਸਗੋਂ ਠਗਾਈ ਕਿਉਂ ਨਹੀਂ ਖਾਂਦੇ? 8ਪਰ ਤੁਸੀਂ ਆਪੇ ਕੁਨਿਆਉਂ ਅਤੇ ਠੱਗੀ ਕਰਦੇ ਹੋ ਸੋ ਭੀ ਆਪਣੇ ਭਰਾਵਾਂ ਨਾਲ!**

**ਆਇਤ 4.** ਪੌਲੁਸ ਦੇ ਅਲੰਕਾਰਕ ਸਵਾਲ ਸੰਸਾਰੀ ਝਗੜਿਆਂ ਨੂੰ ਸੰਸਾਰੀ ਅਦਾਲਤਾਂ ਦੇ ਸਾਹਮਣੇ ਲੈ ਕੇ ਜਾਣ ਦੇ ਲਈ ਸੰਤਾਂ ਦੀ ਮੂਰਖਤਾ ਤੇ ਜ਼ੋਰ ਦੇਣਾ ਜਾਰੀ ਰੱਖਦੇ ਹਨ। **ਸੰਸਾਰੀ ਗੱਲਾਂ** (βιωτικά, *ਬਾਓਟਿਕਾ*) ਦਾ ਸੰਬੰਧ ਆਪਣੇ ਪਰਿਵਾਰ ਦੀਆਂ ਜ਼ਰੂਰਤਾਂ ਪ੍ਰਦਾਨ ਕਰਨ ਜਾਂ ਅੰਤਰ-ਵਿਅਕਤੀਗਤ ਸੰਬੰਧਾਂ ਨਾਲ ਹੈ। ਜਾਇਦਾਦ, ਬਜ਼ਾਰ ਵਿੱਚ ਲਗਾਇਆ ਗਿਆ ਸਟਾਲ, ਕਰਜ਼ੇ ਦਾ ਭੁਗਤਾਨ ਜਾਂ ਮਿੱਥੀ ਦਿਹਾੜੀ ਲੋਕਾਂ ਵਿੱਚ ਝਗੜਿਆਂ ਦਾ ਕਾਰਣ ਸਨ। ਅਜਿਹੇ ਝਗੜੇ ਵੱਧ ਕੇ ਗੁੱਸੇ ਅਤੇ ਕ੍ਰੋਧ ਵਿੱਚ ਬਦਲ ਸਕਦੇ ਸਨ। ਕਲੀਸਿਆ ਦੀ ਸੰਗਤੀ ਅਤੇ ਏਕਤਾ ਕਮਜ਼ੋਰ ਹੁੰਦੀ ਸੀ ਜਦੋਂ ਵਿਸ਼ਵਾਸੀ ਸੰਸਾਰੀ ਅਦਾਲਤਾਂ ਦਾ ਸਹਾਰਾ ਲੈਂਦੇ ਸਨ ਜੋ ਕਿ ਉਨ੍ਹਾਂ ਦੇ ਆਪਣੇ ਆਪ ਵਿੱਚ ਝਗੜਿਆਂ ਦਾ ਨਬੇੜਾ ਕਰਨ ਦੇ ਲਈ ਰਿਸ਼ਵਤ ਅਤੇ ਚਾਪਲੂਸੀ ਦੇ ਅਧੀਨ ਸਨ।

ਪੌਲੁਸ ਉਨ੍ਹਾਂ ਝਗੜਿਆਂ ਨੂੰ ਛੋਟਾ ਨਹੀਂ ਸੀ ਸਮਝ ਰਿਹਾ ਸੀ ਜੋ ਵਿਸ਼ਵਾਸੀਆਂ ਵਿੱਚ ਪੈਦਾ ਹੋਏ ਸਨ, ਨਾ ਹੀ ਉਹ ਇਹ ਸੁਝਾਅ ਦੇ ਰਿਹਾ ਸੀ ਕਿ ਅਜਿਹੇ ਝਗੜੇ ਹਮੇਸ਼ਾ ਸਹੀ ਅਤੇ ਗਲਤ ਦੇ ਨਿਸ਼ਚਤ ਮੁੱਦਿਆਂ ਵਜੋਂ ਸੁਲਝਾਏ ਜਾ ਸਕਦੇ ਹਨ। ਉਹ ਇਹ ਕਹਿ ਰਿਹਾ ਸੀ ਕਿ ਕਲੀਸਿਆ ਵਿੱਚੋਂ ਆਦਰਯੋਗ ਮਨੁੱਖ ਸੰਭਵ ਤੌਰ ਤੇ ਅਜਿਹੇ ਫ਼ੈਸਲੇ ਦੇਣ ਦੇ ਯੋਗ ਸਨ ਜੋ ਸੰਸਾਰਕ ਨਿਆਈਆਂ ਦੇ ਮੁਕਾਬਲੇ ਸਾਰੇ ਪਾਸਿਆਂ ਨੂੰ ਸਵੀਕਾਰਯੋਗ ਹੁੰਦੇ ਸਨ। NIV 1984 ਬਾਈਬਲ ਨੇ ਆਇਤ 4 ਦਾ ਇੱਕ ਅਲੰਕਾਰਕ ਸਵਾਲ ਦੇ ਰੂਪ ਵਿੱਚ ਅਰਥ

ਨਹੀਂ ਸੀ ਦਿੱਤਾ। καθίζετε (*ਕਾਥੀਜ਼ੇਟੇ*, "ਠਹਿਰਾਉਂਦੇ") ਨੂੰ ਇੱਕ ਆਗਿਆ-ਸੂਚਕ ਦੇ ਰੂਪ ਵਿੱਚ ਲੈਂਦੇ ਹੋਏ, ਇਸ ਦਾ ਅਨੁਵਾਦ ਇਸ ਤਰ੍ਹਾਂ ਹੈ: "ਇਸ ਲਈ, ਜੇਕਰ ਤੁਹਾਡੇ ਵਿੱਚ ਅਜਿਹੀਆਂ ਗੱਲਾਂ ਨੂੰ ਕੇ ਝਗੜੇ ਹੁੰਦੇ ਹਨ, ਤਾਂ ਉਨ੍ਹਾਂ ਲੋਕਾਂ ਨੂੰ ਨਿਯੁਕਤ ਕਰੋ ਜਿਨ੍ਹਾਂ ਨੂੰ ਕਲੀਸਿਆ ਵਿੱਚ ਤੁੱਛ ਗਿਣਿਆ ਜਾਂਦਾ ਹੈ।" ਇਸ ਦਾ ਭਾਵ ਇਹ ਹੈ ਕਿ ਮਸੀਹੀ ਲੋਕ ਇੱਕ ਦੂਜੇ ਦੇ ਵਿਰੁੱਧ ਮੁਕੱਦਮਾ ਕਰਨ ਦੇ ਲਈ ਸੰਸਾਰੀ ਅਦਾਲਤਾਂ ਵਿੱਚ ਜਾਣ ਦੀ ਬਜਾਇ ਕਲੀਸਿਆ ਦੇ ਮੈਂਬਰਾਂ ਵਿੱਚੋਂ ਕੁਝ ਲੋਕਾਂ ਨੂੰ ਨਿਆਈਂ ਠਹਿਰਾ ਸਕਦੇ ਸਨ। ਸਗੋਂ ਉਨ੍ਹਾਂ ਵਿੱਚੋਂ ਤੁੱਛ ਵਿਅਕਤੀ ਵੀ ਗੈਰ-ਵਿਸ਼ਵਾਸੀਆਂ ਨਾਲੋਂ ਜ਼ਿਆਦਾ ਉਚਿਤ ਢੰਗ ਨਾਲ ਰੋਜ਼ਮੱਰਾ ਦੇ ਜੀਵਨ ਸੰਬੰਧੀ ਝਗੜਿਆਂ ਦਾ ਵਧੀਆਂ ਢੰਗ ਨਾਲ ਨਬੇੜਾ ਕਰ ਸਕਦਾ ਸੀ। ਇਹ ਫ਼ੈਸਲਾ ਕਰਨਾ ਮੁਸ਼ਕਲ ਹੈ ਕਿ NIV 1984 ਬਾਈਬਲ ਦਾ ਅਨੁਵਾਦ ਜਾਂ NASB ਬਾਈਬਲ ਦਾ ਅਨੁਵਾਦ ਬਿਹਤਰ ਹੈ। ਦੋਵੇਂ ਸੰਦਰਭ ਵਿੱਚ ਢੁਕਵੇਂ ਹਨ, ਪਰ ਦੂਜਾ ਪਾਠਕ ਦੀਆਂ ਉਮੀਦਾਂ ਤੇ ਜ਼ਿਆਦਾ ਖਰਾ ਉੱਤਰਦਾ ਹੈ ਜਿਸ ਦੇ ਨਾਲ ਪੌਲੁਸ ਆਪਣੇ ਪਾਠਕਾਂ ਨੂੰ ਕਲੀਸਿਆ ਵਿੱਚ ਨਿੱਜੀ ਮੁੱਦਿਆਂ ਦਾ ਨਬੇੜਾ ਕਰਨ ਦੀ ਨਸੀਹਤ ਦੇਵੇਗਾ।

**ਆਇਤ 5.** ਪੌਲੁਸ ਨੂੰ ਇਹ ਵਿਅੰਗਮਈ ਲੱਗਾ ਕਿ ਕੁਰਿੰਥੁਸ ਦੇ ਲੋਕਾਂ ਨੇ ਇਸ ਤਰ੍ਹਾਂ ਕੰਮ ਕੀਤਾ ਜਿਵੇਂ ਕਿ ਉਹ ਚੰਗੇ ਨਿਆਂ ਕਰਨ ਦੇ ਅਯੋਗ ਹੋਣ ਜਦੋਂ ਭਰਾਵਾਂ ਵਿੱਚ ਝਗੜੇ ਪੈਦਾ ਹੁੰਦੇ ਸਨ। ਉਨ੍ਹਾਂ ਦੇ ਪੱਖਪਾਤਪੂਰਣ ਝਗੜੇ ਵਿੱਚ, ਉਨ੍ਹਾਂ ਨੇ ਉਨ੍ਹਾਂ ਦੀ ਆਪਣੀ ਬੁੱਧ ਬਾਰੇ ਉੱਚੇ ਵਿਚਾਰ ਨੂੰ ਪ੍ਰਦਰਸ਼ਿਤ ਕੀਤਾ ਸੀ (ਵੇਖੋ 3:18-20)। ਉਨ੍ਹਾਂ ਦੀ ਖੁਦ ਦੀ ਆਂਕਲਣ ਕੀਤੀ ਇਸ ਬੁੱਧ ਦਾ ਕੀ ਬਣਿਆ ਸੀ? ਇਹ ਕਿਉਂ ਉਨ੍ਹਾਂ ਦੀਆਂ ਦਾਰਸ਼ਨਿਕ ਦਲੀਲਾ ਵਿੱਚ ਭਰੀ ਪਈ ਸੀ ਪਰ ਝਗੜਿਆਂ ਦਾ ਨਬੇੜਾ ਕਰਨ ਲਈ ਵਿਹਾਰਕ ਗੱਲਾਂ ਵਿੱਚ ਕਿਉਂ ਘੱਟ ਸੀ? ਪੌਲੁਸ ਨੇ ਇਹ ਉਮੀਦ ਕੀਤੀ ਸੀ ਕਿ ਬੁੱਧ ਨੂੰ ਕਲੀਸਿਆ ਜੀਵਨ ਦੇ ਸੰਬੰਧ ਵਿੱਚ ਲਾਗੂ ਕੀਤਾ ਜਾਵੇ।

ਆਤਮਿਕ ਦਾਤਾਂ ਵਿੱਚ ਜੋ ਪੌਲੁਸ ਨੇ ਇਨ੍ਹਾਂ ਵਿਸ਼ਵਾਸੀਆਂ ਵਿੱਚ ਵੇਖੀਆਂ ਸਨ ਇੱਕ ਚੰਗਾ ਨਿਆਂ ਸੀ ਜੋ ਉਨ੍ਹਾਂ ਦਾ ਉਨ੍ਹਾਂ ਝਗੜਿਆਂ ਨੂੰ ਨਿਬੇੜਨ ਵਿੱਚ ਰਹਿਨੁਮਾਈ ਕਰ ਸਕਦਾ ਸੀ ਜੋ ਉਨ੍ਹਾਂ ਵਿੱਚ ਪੈਦਾ ਹੁੰਦੇ ਸਨ। 12:28 ਅਨੁਸਾਰ ਕਈਆਂ ਨੂੰ ਪਰਤੱਖ ਰੂਪ ਵਿੱਚ "ਪ੍ਰਸ਼ਾਸਨ" (κυβέρνησις ਤੋਂ, *ਕੁਬੇਰਨੇਸਿਸ*) ਦੀ ਦਾਤ ਮਿਲੀ ਸੀ। ਇਹ ਸ਼ਬਦ ਅਗਵਾਈ ਜਾਂ ਰਹਿਨੁਮਾਈ ਕਰਨ ਦਾ ਸੁਝਾਅ ਦਿੰਦਾ ਹੈ, ਜਿਵੇਂ ਇੱਕ ਸਮੁੰਦਰੀ ਜਹਾਜ਼ ਦਾ ਚਾਲਕ ਜਹਾਜ਼ ਨੂੰ ਸਹੀ ਅਤੇ ਸੁਰੱਖਿਅਤ ਦਿਸ਼ਾ ਵੱਲ ਲੈ ਕੇ ਜਾਂਦਾ ਹੈ। ਜਿਨ੍ਹਾਂ ਨੂੰ ਅਜਿਹੀ ਦਾਤ ਮਿਲੀ ਹੈ ਉਸ ਨੂੰ ਮੌਕਾ ਆਉਣ ਤੇ ਖੜ੍ਹੇ ਹੋਣ ਅਤੇ ਕੁਰਿੰਥੁਸ ਦੀ ਕਲੀਸਿਆ ਨੂੰ ਮੁਸ਼ਕਲ ਸਮਿਆਂ ਵਿੱਚੋਂ ਗੁਜਰਨ ਵਿੱਚ ਰਹਿਨੁਮਾਈ ਕਰਨਾ ਚਾਹੀਦਾ ਹੈ। ਉਹ ਵਿਅਕਤੀ ਜਿਸ ਦੇ ਕੋਲ ਅਜਿਹੀ ਦਾਤ ਹੈ ਇਸ ਜ਼ਿੰਮੇਵਾਰੀ ਨੂੰ ਉਠਾਉਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਦੀ ਨਿਹਚਾ ਤੇ ਸਵਾਲ ਖੜ੍ਹਾ ਹੁੰਦਾ ਹੈ। ਸਿਆਣੇ ਭਰਾਵਾਂ ਨੇ ਨਿਆਂ ਕਰਨ ਤੋਂ ਝਿੱਜਕਣਾ ਨਹੀਂ ਸੀ ਜਦੋਂ ਕਲੀਸਿਆ ਨੂੰ ਉਨ੍ਹਾਂ ਦੀ ਲੋੜ ਪੈਂਦੀ ਸੀ। ਜੇਕਰ ਕਲੀਸਿਆ ਵਿੱਚ ਬੁੱਧਵਾਨ ਮਨੁੱਖਾਂ ਦੀ ਕਮੀ ਸੀ ਜਾਂ ਕਲੀਸਿਆ ਉਨ੍ਹਾਂ ਨੂੰ ਵੇਖਣ ਤੋਂ ਇਨਕਾਰ ਕਰਦੀ ਸੀ ਜਿਹੜੇ ਰਹਿਨੁਮਾਈ ਕਰਨ ਦੇ ਲਈ ਸਿਆਣੇ ਹਨ, ਤਾਂ ਇਹ ਉਨ੍ਹਾਂ ਦੇ ਲਈ ਸ਼ਰਮਿੰਦਗੀ ਵਾਲੀ ਗੱਲ ਸੀ।

**ਆਇਤ 6.** ਉਨ੍ਹਾਂ ਹਾਲਾਤਾਂ ਬਾਰੇ ਪੌਲੁਸ ਦੇ ਸਮੁੱਚੇ ਵਰਣਨ ਵਿੱਚ ਜਿਨ੍ਹਾਂ ਦੇ ਵਿੱਚ ਇੱਕ ਭਰਾ ਦੂਜੇ ਭਰਾ ਦੇ ਵਿਰੁੱਧ ਸੰਸਾਰੀ ਅਦਾਲਤ ਵਿੱਚ ਗਿਆ ਸੀ, ਉਸ ਨੇ ਬੇਪਰਤੀਤੀ

ਵਿੱਚ ਪ੍ਰਤੀਕਿਰਿਆ ਕੀਤੀ ਸੀ। ਇਹ ਸਮੱਸਿਆ ਦੋ ਤਰ੍ਹਾਂ ਦੀ ਸੀ: ਸਿਆਣੇ ਵਿਸ਼ਵਾਸੀਆਂ ਨੇ ਆਪਣੇ ਆਪ ਨੂੰ ਡਰਪੋਕ ਵਿਖਾਇਆ ਸੀ ਅਤੇ ਦੁਨਿਆਵੀ ਮਨ ਵਾਲੇ ਮਸੀਹੀ ਲੋਕ ਝਗੜਿਆਂ ਨੂੰ ਨਬੇੜਨ ਦੇ ਲਈ ਸਮਝੌਤਾ ਕਰਨ ਦੇ ਲਈ ਅਣਇੱਛੁਕ ਸਨ। ਇਸ ਦਾ ਨਤੀਜਾ ਕਲੀਸਿਆ ਵਿੱਚ ਨਾ ਸਿਰਫ ਕਪਟ ਸੀ, ਪਰ ਲੋਕਾਂ ਵਿੱਚ ਸ਼ਰਮਿੰਦਗੀ ਵੀ ਸੀ: **ਸਗੋਂ ਭਰਾ ਭਰਾ ਉੱਤੇ ਨਾਲਸ਼ ਕਰਦਾ ਹੈ**। ਆਪਣੇ ਮੁਕੱਦਮਿਆਂ ਨੂੰ **ਗੈਰ-ਵਿਸ਼ਵਾਸੀਆਂ** ਦੇ ਸਾਹਮਣੇ ਪੇਸ਼ ਕਰਨ ਦੇ ਦੁਆਰਾ, ਮਸੀਹੀ ਲੋਕ ਲੋਕਾਂ ਸਾਹਮਣੇ ਇਹ ਐਲਾਨ ਕਰ ਰਹੇ ਸਨ ਕਿ ਉਨ੍ਹਾਂ ਵਿੱਚ ਕੋਈ ਵੀ ਅਜਿਹਾ ਵਿਅਕਤੀ ਨਹੀਂ ਹੈ ਸੀ ਜਿਹੜਾ ਅਜਿਹੇ ਮਾਮਲਿਆਂ ਦਾ ਨਿਆਉਂ ਕਰਨ ਦੇ ਲਈ ਕਾਫੀ ਬੁੱਧਵਾਨ ਜਾਂ ਭਰੋਸੇਮੰਦ ਹੋਵੇ। ਉਨ੍ਹਾਂ ਨੇ ਆਪਣੇ ਆਪ ਨੂੰ ਲੋਭੀ ਅਤੇ ਸੁਆਰਥੀ ਲੋਕਾਂ ਵਜੋਂ ਪੇਸ਼ ਕੀਤਾ ਜੋ ਉਹ ਮਸੀਹ ਨੂੰ ਜਾਣਨ ਤੋਂ ਪਹਿਲਾਂ ਵੀ ਸਨ। ਜਿਵੇਂ ਪੌਲੁਸ ਨੇ ਉਨ੍ਹਾਂ ਤੋਂ ਬਿਹਤਰ ਵਿਹਾਰ ਦੀ ਉਮੀਦ ਕੀਤੀ ਸੀ ਪ੍ਰਭੂ ਵੀ ਉਨ੍ਹਾਂ ਤੋਂ ਬਿਹਤਰ ਵਿਹਾਰ ਦੀ ਉਮੀਦ ਕਰਦਾ ਸੀ।

**ਆਇਤ 7.** ਭਰਾਵਾਂ ਦੇ ਗੈਰ-ਯਹੂਦੀ ਅਧਿਕਾਰੀਆਂ ਦੇ ਸਾਹਮਣੇ ਇੱਕ ਦੂਜੇ ਦੇ ਵਿਰੁੱਧ ਨਾਲਸ਼ ਕਰਨ ਤੋਂ ਵੱਧ ਕੇ ਪਰੇਸ਼ਾਨ ਕਰਨ ਵਾਲੀ ਗੱਲ ਉਦਾਰਤਾ ਅਤੇ ਮਾਫ਼ੀ ਦੇ ਲਈ ਉਨ੍ਹਾਂ ਦਾ ਨਿਰਾਦਰ ਸੀ ਜਿਸ ਨੂੰ ਵਿਸ਼ਵਾਸੀਆਂ ਵਿੱਚ ਉਨ੍ਹਾਂ ਦੀ ਗੱਲਬਾਤ ਦਾ ਵਰਣਨ ਕਰਨਾ ਚਾਹੀਦਾ ਸੀ। ਕਲੀਸਿਆ ਨੇ ਨਾ ਸਿਰਫ ਰਹਿਨੁਮਾਈ ਦੇ ਲਈ ਉਨ੍ਹਾਂ ਦੇ ਆਪਣੇ ਝਗੜਿਆਂ ਨੂੰ ਬੁੱਧੀਮਾਨ ਮਨੁੱਖਾਂ ਦੇ ਅੱਗੇ ਅਪੀਲ ਕਰਨ ਦੁਆਰਾ ਨਬੇੜਨ ਦੇ ਲਈ ਇਨਕਾਰ ਕੀਤਾ, ਪਰ ਉਨ੍ਹਾਂ ਨੇ ਮੁਕਾਬਲੇਬਾਜ਼ੀ ਵਾਲੀ ਭਾਵਨਾ ਨੂੰ ਵੀ ਵਿਖਾਇਆ ਸੀ। ਕੋਈ ਵੀ ਵਿਅਕਤੀ ਛੋਟੀਆਂ ਤੋਂ ਛੋਟੀਆਂ ਗੱਲਾਂ ਨੂੰ ਛੱਡਣ ਦਾ ਇੱਛੁਕ ਨਹੀਂ ਸੀ ਤਾਂ ਕਿ ਉਨ੍ਹਾਂ ਦੇ ਲਈ ਕੋਈ ਫਾਇਦੇ ਦੀ ਸੰਭਾਵਨਾ ਬਣੇ।

**ਇਹ ਇੱਕ ਵੱਡਾ ਘਾਟਾ ਹੈ**, ਪੌਲੁਸ ਨੇ ਕਿਹਾ, ਜਦੋਂ ਭਰਾ **ਇੱਕ ਦੂਏ ਉੱਤੇ ਮੁਕੱਦਮਾ** ਕਰਦੇ ਹਨ। ਯਿਸੂ ਨੇ ਇੱਕ ਉਦਾਹਰਣ ਰੱਖਿਆ ਜਿਸ ਦਾ ਪਾਲਣ ਉਹ ਜਿਆਦਾ ਚੰਗੀ ਤਰ੍ਹਾਂ ਕਰ ਸਕਦੇ ਹਨ। ਹਾਲਾਂਕਿ ਉਹ ਧਨੀ ਸੀ, ਉਨ੍ਹਾਂ ਦੀ ਖ਼ਾਤਰ ਯਿਸੂ ਨਿਰਧਨ ਬਣ ਗਿਆ ਤਾਂ ਜੋ ਉਹ ਧਨੀ ਬਣ ਸਕਣ (2 ਕੁਰਿੰਥੀਆਂ 8:9)। ਜੇਕਰ ਦੁਸ਼ਮਣ ਮਸੀਹ ਦੇ ਪਿੱਛੇ ਚੱਲਣ ਵਾਲੇ ਨਾਲ ਨਾਲਸ਼ ਕਰਕੇ ਉਸ ਦਾ ਕੁੜਤਾ ਲੈਣਾ ਚਾਹੇ, ਯਿਸੂ ਨੇ ਕਿਹਾ ਕਿ ਉਸ ਦੇ ਪਿੱਛੇ ਚੱਲਣ ਵਾਲੇ ਨੂੰ ਆਪਣੇ ਦੁਸ਼ਮਣ ਨੂੰ ਆਪਣੀ ਚਾਦਰ ਵੀ ਦੇ ਦੇਣੀ ਚਾਹੀਦੀ ਹੈ (ਮੱਤੀ 5:40)। ਅੱਗੇ ਉਸ ਨੇ ਕਿਹਾ, "ਜਿਹੜਾ ਤੈਥੋਂ ਮੰਗੇ ਉਹ ਨੂੰ ਦਿਹ ਅਤੇ ਜੋ ਤੇਰੇ ਕੋਲੋਂ ਉਧਾਰ ਮੰਗੇ ਉਸ ਤੋਂ ਮੂੰਹ ਨਾ ਮੋੜ" (ਮੱਤੀ 5:42)। ਜਦੋਂ ਇੱਕ ਵਿਸ਼ਵਾਸੀ ਦੂਜੇ ਵਿਸ਼ਵਾਸੀ ਦੇ ਵਿਰੁੱਧ ਮੁਕੱਦਮਾ ਕਰਦਾ ਹੈ, ਦੋਵਾਂ ਦਲਾਂ ਵਿੱਚੋਂ ਕੋਈ ਵੀ ਦਲ ਜਿੱਤ ਨਹੀਂ ਸਕਦਾ।

ਜਦੋਂ ਇੱਕ ਮਸੀਹੀ ਵਿਅਕਤੀ ਨੂੰ ਇਹ ਯਕੀਨ ਹੋ ਜਾਂਦਾ ਹੈ ਉਸ ਦੇ ਸਾਥੀ ਵਿਸ਼ਵਾਸੀ ਨੇ ਉਸ ਦੇ ਨਾਲ ਅਨਿਆਂ ਕੀਤਾ ਹੈ, ਉਸ ਦੇ ਲਈ ਇੱਕ ਵਿਕਲਪ ਇਹ ਹੁੰਦਾ ਹੈ ਕਿ ਉਹ ਇਸ ਗੱਲ ਨੂੰ ਛੱਡ ਦੇਵੇ ਅਤੇ ਉਸ ਦੋਸ਼ ਨੂੰ ਮਾਫ਼ ਕਰ ਦੇਵੇ। ਜੇਕਰ ਇੱਕ ਭਰਾ ਜ਼ਿਆਦਾ ਦਿਹਾੜੀ ਲੈਣ ਦੀ ਜਿੱਦ ਕਰਦਾ ਹੈ ਜੋ ਕਿ ਰਵਾਇਤੀ ਤੌਰ ਤੇ ਦਿੱਤੀ ਜਾਣ ਵਾਲੀ ਦਿਹਾੜੀ ਤੋਂ ਵੀ ਵੱਧ ਕੇ ਹੈ ਤਾਂ ਉਸ ਨੂੰ ਵਾਧੂ ਰਕਮ ਅਦਾ ਕਰਨਾ ਮਸੀਹੀਆਂ ਵਾਲੀ ਗੱਲ ਹੁੰਦੀ ਹੈ। ਜੇਕਰ ਉਹ ਆਪਣੀ ਹੱਦ ਤੋਂ ਪਰੇ ਜਾਇਦਾਦ ਵਿੱਚੋਂ ਕੁਝ ਫੁੱਟ ਹੋਰ ਜ਼ਮੀਨ ਲੈਣ ਦਾ ਦਾਅਵਾ ਕਰਦਾ ਹੈ, ਤਾਂ ਯਿਸੂ ਕਹੇਗਾ ਕਿ ਉਸ ਨੂੰ ਉਹ ਜ਼ਮੀਨ ਲੈਣ ਦਿਓ। ਸਖ਼ਤ ਨਿਆਉਂ ਤੇ ਜ਼ੋਰ ਦੇਣ ਦੀ ਬਜਾਇ ਜੋ ਅਸੀਂ ਮੰਨਦੇ ਹਾਂ ਕਿ ਸਾਨੂੰ ਮਿਲਣਾ ਬਾਕੀ ਹੈ, ਪੌਲੁਸ ਨੇ ਪੁੱਛਿਆ, **ਸਗੋਂ**

**ਕੁਨਿਆਉਂ ਕਿਉਂ ਨਹੀਂ ਸਹਾਰ ਲੈਂਦੇ? ਤੁਸੀਂ ਸਗੋਂ ਠਗਾਈ ਕਿਉਂ ਨਹੀਂ ਖਾਂਦੇ?**

ਇਸ ਉਦਾਰਤਾ ਦੀਆਂ ਹੱਦਾਂ ਕੀ ਹਨ? ਇੱਕ ਵਿਅਕਤੀ ਨੇ ਕੀ ਕਰਨਾ ਹੈ ਜਦੋਂ ਉਸ ਦਾ ਲਾਲਚ ਉਸ ਦੇ ਧੀਰਜ ਅਤੇ ਉਦਾਰਤਾ ਤੇ ਹਾਵੀ ਹੋ ਜਾਂਦਾ ਹੈ? ਜਦੋਂ ਸਦਭਾਵਨਾ ਅਤੇ ਚੰਗੀ ਨਿਹਚਾ ਦੀ ਸੌਦੇਬਾਜ਼ੀ ਹਾਰ ਜਾਂਦੀ ਹੈ, ਕਲੀਸਿਆ ਵਿੱਚ ਸਿਆਣੇ ਮਨੁੱਖਾਂ ਨੂੰ ਅੱਗੇ ਕਦਮ ਵਧਾਉਣਾ ਚਾਹੀਦਾ ਹੈ। ਦਾਅਵਾ ਕੀਤੇ ਗਏ ਅਨਿਆਵਾਂ ਨੂੰ ਵਿਸ਼ਵਾਸੀਆਂ ਦੇ ਸਮਾਜ ਅੰਦਰ ਹੀ ਸੁਲਝਾਇਆ ਜਾਣਾ ਚਾਹੀਦਾ ਹੈ। ਅਜਿਹੀ ਕਾਰਜ ਵਿਧੀ ਆਧੁਨਿਕ ਸਮੇਂ ਦੇ ਮਸੀਹੀ ਲੋਕਾਂ ਦੇ ਲਈ ਉਚਿਤ ਹੈ ਜਿਵੇਂ ਕਿ ਇਹ ਪ੍ਰਾਚੀਨ ਲੋਕਾਂ ਦੇ ਲਈ ਸੀ।

**ਆਇਤ 8.** ਪੌਲੁਸ ਦੇ ਮਨ ਵਿੱਚ ਇਸ ਗੱਲ ਦੀ ਨਰਾਜ਼ਗੀ ਸੀ ਕਿ ਕੁਰਿੰਥੁਸ ਦੇ ਮਸੀਹੀ ਲੋਕ ਨਿਆਂ ਹੁੰਦਾ ਵੇਖਣ ਤੋਂ ਵੱਧ ਕੇ ਆਪਣੇ ਆਪ ਨੂੰ ਜ਼ਿਆਦਾ ਧਨੀ ਬਣਾਉਣ ਦੇ ਲਈ ਸਥਾਨਕ ਕਾਨੂੰਨ ਦੀਆਂ ਬਾਰੀਕੀਆਂ ਨੂੰ ਵਰਤਣ ਦੇ ਜ਼ਿਆਦਾ ਇੱਛੁਕ ਸਨ। ਵਿਸ਼ਵਾਸੀਆਂ ਵਿਚਕਾਰ ਸ਼ਾਂਤੀ ਅਤੇ ਸਦਭਾਵਨਾ ਦੀ ਖਾਤਰ ਠੱਗੇ ਜਾਣ ਦੀ ਇੱਛਾ ਨੂੰ ਪ੍ਰਦਰਸ਼ਿਤ ਕਰਨ ਦੀ ਬਜਾਇ, ਪੌਲੁਸ ਨੇ ਦੋਸ਼ ਲਗਾਇਆ, **ਤੁਸੀਂ ਆਪੇ ਕੁਨਿਆਉਂ ਅਤੇ ਠੱਗੀ ਕਰਦੇ ਹੋ**। ਇਹ ਕਾਫੀ ਬੁਰੀ ਗੱਲ ਸੀ ਜਦੋਂ ਵਿਸ਼ਵਾਸੀ ਉਨ੍ਹਾਂ ਦੇ ਆਪਣੇ ਫਾਇਦੇ ਲਈ ਉਨ੍ਹਾਂ ਦੇ ਵਿਰੁੱਧ ਅਨਿਆਂ ਕਰਦੇ ਸਨ ਜਿਹੜੇ ਗੈਰ-ਵਿਸ਼ਵਾਸੀ ਸਨ, ਪਰ ਕੁਰਿੰਥੁਸ ਵਿੱਚ ਕੁਝ ਲੋਕ ਉਨ੍ਹਾਂ ਨੂੰ ਆਪਣਾ ਸ਼ਿਕਾਰ ਬਣਾ ਰਹੇ ਸਨ ਜਿਨ੍ਹਾਂ ਨੇ ਆਪਣੀ ਨਿਹਚਾ ਨੂੰ ਸਾਂਝਾ ਕੀਤਾ ਸੀ।

ਪੌਲੁਸ ਦੀ ਅਵਾਜ਼ ਨੂੰ ਸੁਣਨਾ ਰੌਚਕ ਰਿਹਾ ਹੋਵੇਗਾ ਜਦੋਂ ਉਸ ਨੇ ਦੋਸ਼ੀਆਂ ਦੀਆਂ ਅੱਖਾਂ ਵਿੱਚ ਵੇਖ ਕੇ ਆਖਿਆ, **ਸੋ ਭੀ ਆਪਣੇ ਭਰਾਵਾਂ ਨਾਲ**। ਵਿਸ਼ਵਾਸੀਆਂ ਦੇ ਵਿੱਚ ਏਕਤਾ ਅਤੇ ਭਰੱਪਣ ਦਾ ਇੱਕ ਅਨੋਖਾ ਰਿਸ਼ਤਾ ਸੀ (ਗਲਾਤੀਆਂ 6:10)। ਜਦੋਂ ਇੱਕ ਮਸੀਹੀ ਵਿਅਕਤੀ ਉਸ ਵਿਅਕਤੀ ਦੇ ਵਿਰੁੱਧ ਅਨਿਆਂ ਕਰਦਾ ਹੈ ਜਿਹੜਾ ਯਿਸੂ ਨੂੰ ਆਪਣਾ ਪ੍ਰਭੂ ਮੰਨ ਕੇ ਆਪਣੀ ਨਿਹਚਾ ਨੂੰ ਸਾਂਝਾ ਕਰਦਾ ਹੈ, ਇਹ ਦੁਗਣਾ ਨਿੰਦਾਯੋਗ ਹੈ ਕਿਉਂਕਿ ਸਾਰੀ ਦੇਹ ਨੂੰ ਦੁੱਖ ਪਹੁੰਚਦਾ ਹੈ। ਪੌਲੁਸ ਨੇ ਇਹ ਵਿਖਾਇਆ ਕਿ ਪਾਪ ਅਤੇ ਅਨਿਆਂ ਨਾਲ ਟਾਕਰਾ ਕਈ ਵਾਰ ਸ਼ਾਂਤੀਪੂਰਣ ਤਰਕ ਅਤੇ ਝੁਕਣ ਵਾਲੇ ਮਿਜਾਜ਼ਾਂ ਨਾਲੋਂ ਵੱਧ ਕਿਸੇ ਚੀਜ਼ ਦੀ ਮੰਗ ਕਰਦਾ ਹੈ। ਰਸੂਲ ਨਹੀਂ ਸੀ ਚਾਹੁੰਦਾ ਕਿ ਕੁਰਿੰਥੁਸ ਦੇ ਲੋਕ ਇਸ ਮਾਮਲੇ ਵਿੱਚ ਇਸ ਤਰ੍ਹਾਂ ਦਾ ਵਿਹਾਰ ਕਰਨ। ਉਸ ਨੇ ਇਸ ਜਵਾਬ ਨੂੰ ਮਸੀਹ ਦੀ ਦੇਹ ਦੇ ਵਿਰੁੱਧ ਹੁੰਦਾ ਵੇਖਿਆ।

### ਰਾਜ ਧਰਮੀਆਂ ਦੇ ਲਈ ਹੈ (6:9-11)

**9ਅਥਵਾ ਤੁਸੀਂ ਨਹੀਂ ਜਾਣਦੇ ਜੋ ਕੁਧਰਮੀ ਲੋਕ ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਨਹੀਂ
ਹੋਣਗੇ? ਥੋਖਾ ਨਾ ਖਾਓ, ਨਾ ਹਰਾਮਕਾਰ, ਨਾ ਮੂਰਤੀ ਪੂਜਕ, ਨਾ ਜ਼ਨਾਹਕਾਰ, ਨਾ
ਜਨਾਨੜੇ, ਨਾ ਮੁੰਡੇਬਾਜ, 10ਨਾ ਚੋਰ, ਨਾ ਲੋਭੀ, ਨਾ ਸ਼ਰਾਬੀ, ਨਾ ਗਾਲਾਂ ਕੱਢਣ ਵਾਲੇ,
ਨਾ ਲੁਟੇਰੇ ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਹੋਣਗੇ। 11ਅਤੇ ਤੁਹਾਡੇ ਵਿੱਚੋਂ ਕਈਕੁ ਏਹੋ
ਜੇਹੇ ਸਨ ਪਰ ਪ੍ਰਭੂ ਯਿਸੂ ਮਸੀਹ ਦੇ ਨਾਮ ਤੋਂ ਅਤੇ ਸਾਡੇ ਪਰਮੇਸ਼ੁਰ ਦੇ ਆਤਮਾ ਤੋਂ
ਤੁਸੀਂ ਧੋਤੇ ਗਏ ਅਰ ਤੁਸੀਂ ਪਵਿੱਤਰ ਕੀਤੇ ਗਏ ਅਰ ਤੁਸੀਂ ਧਰਮੀ ਠਹਿਰਾਏ ਗਏ।**

**ਆਇਤ 9.** ਇਨ੍ਹਾਂ ਭਰਾਵਾਂ ਨੂੰ ਇੱਕ ਦੂਜੇ ਦੇ ਵਿਰੁੱਧ ਨਾਲਸ਼ ਕਰਨ ਦੇ ਲਈ ਅਤੇ ਭਰੱਪਣ ਦੇ ਪ੍ਰੇਮ ਅਤੇ ਏਕਤਾ ਦੀ ਕੀਮਤ ਤੇ ਵਿਅਕਤੀਗਤ ਫਾਇਦੇ ਵਾਸਤੇ ਇੱਕ ਦੂਜੇ ਨਾਲ

ਠੱਗੀ ਕਰਨ ਦੇ ਲਈ ਝਿੜਕਿਆ ਜਾ ਰਿਹਾ ਸੀ। ਤਾਂ ਜੋ ਕੋਈ ਵੀ ਉਸ ਦੀ ਚਿੰਤਾ ਨੂੰ ਇੱਕ ਛੋਟੀ ਜਿਹੀ ਗੱਲ ਵਜੋਂ ਨਾ ਵੇਖੇ, ਪੌਲੁਸ ਨੇ ਇਸ ਵਿਹਾਰ ਨੂੰ ਉਨ੍ਹਾਂ ਕੰਮਾਂ ਨਾਲ ਜੋੜਿਆ ਜਿਨ੍ਹਾਂ ਨੂੰ ਸਪੱਸ਼ਟ ਤੌਰ ਤੇ ਪਾਪਾਂ ਦੇ ਰੂਪ ਵਿੱਚ ਪਛਾਣਿਆ ਗਿਆ ਸੀ। ਉਸ ਨੇ ਪੁਸ਼ਟੀ ਕੀਤੀ ਕਿ **ਨਾ ਹਰਾਮਕਾਰ, ਨਾ ਮੂਰਤੀ ਪੂਜਕ, ਨਾ ਜ਼ਨਾਹਕਾਰ, ਨਾ ਜਨਾਨੜੇ, ਨਾ ਮੁੰਡੇਬਾਜ** "ਪਰਮੇਸ਼ੁਰ ਦੇ ਰਾਜ ਦੇ ਅਧਿਕਾਰੀ ਹੋਣਗੇ" (6:10)। ਉਸ ਨੇ ਉਨ੍ਹਾਂ ਨੂੰ ਉਨ੍ਹਾਂ ਕੁਧਰਮੀਆਂ ਵਿੱਚ ਸ਼ਾਮਲ ਕੀਤਾ ਜਿਹੜੇ ਦੂਜਿਆਂ ਨੂੰ ਠੱਗੀ ਮਾਰਨ ਦੇ ਲਈ ਉਤਸੁਕ ਸਨ ਅਤੇ ਸ਼ਾਂਤੀ ਦੀ ਖਾਤਰ ਆਪਣੇ ਆਪ ਵਿੱਚ ਠੱਗੇ ਜਾਣ ਦੇ ਲਈ ਅਣਇੱਛੁਕ ਸਨ।

ਪੌਲੁਸ ਇੱਕ ਅਲੰਕਾਰਕ ਸਵਾਲ ਪੁੱਛ ਰਿਹਾ ਸੀ। ਉਸ ਦਾ ਅਰਥ ਸੀ, "ਬੇਸ਼ੱਕ, ਤੁਸੀਂ ਜਾਣਦੇ ਹੋ ਕਿ ਜਿਹੜੇ ਲੋਕ ਬੁਰਿਆਈ ਦੇ, ਨਿਰਲੱਜਤਾ ਅਤੇ ਆਦਤਨ ਹਰਾਮਕਾਰੀ ਦੇ ਦੋਸ਼ੀ ਸਨ, ਪਰਮੇਸ਼ੁਰ ਦੇ ਰਾਜ ਦੇ ਅਧਿਕਾਰੀ ਨਹੀਂ ਹੋ ਸਕਦੇ। ਜਿਹੜੇ ਗੈਰ-ਯਹੂਦੀ ਅਦਾਲਤਾਂ ਵਿੱਚ ਅਨਿਆਂ ਕਰਦੇ ਹਨ ਅਲੱਗ ਨਹੀਂ ਹਨ।

**ਪਰਮੇਸ਼ੁਰ ਦਾ ਰਾਜ**, ਇਸ ਦਾ ਕੀ ਅਰਥ ਹੈ? ਇਹ ਵਾਕ ਯਿਸੂ ਦੇ ਪਰਚਾਰ ਵਿੱਚ ਕੋਨੇ ਦਾ ਪੱਥਰ ਹੈ ਅਤੇ ਇੰਜੀਲ ਦੇ ਬਿਰਤਾਂਤਾਂ ਵਿੱਚ ਬਾਰ-ਬਾਰ ਆਉਂਦਾ ਹੈ – ਹਾਲਾਂਕਿ ਇਹ ਵਾਕ ਯੂਹੰਨਾ ਵਿੱਚ ਦੁਰਲੱਭ ਹੈ (ਵੇਖੋ ਯੂਹੰਨਾ 3:3, 5)। "ਪਰਮੇਸ਼ੁਰ ਦੇ ਰਾਜ" ਦਾ ਜ਼ਿਕਰ ਰਸੂਲਾਂ ਦੇ ਕਰਤੱਬ ਵਿੱਚ ਛੇ ਵਾਰ ਕੀਤਾ ਗਿਆ ਹੈ। ਪੌਲੁਸ ਇਸ ਵਾਕ ਦੀ ਵਰਤੋਂ ਹੋਰ ਕਿਸੇ ਥਾਂ ਨਾਲੋਂ 1 ਕੁਰਿੰਥੀਆਂ ਵਿੱਚ ਬਾਰ-ਬਾਰ ਕਰਦਾ ਹੈ (4:20; 6:9, 10; 15:50)।

ਇੱਕ ਭਾਵ ਵਿੱਚ, ਪਰਮੇਸ਼ੁਰ ਦਾ ਰਾਜ ਹਾਲੇ ਆਉਣ ਵਾਲਾ ਸੀ। ਵਫ਼ਾਦਾਰ ਲੋਕਾਂ ਜਾਂ ਵਿਸ਼ਵਾਸੀਆਂ ਨੇ ਹਾਲੇ ਇਸ ਦੇ ਅਧਕਾਰੀ ਹੋਣਾ ਸੀ। ਸਮੇਂ ਦੇ ਅੰਤ ਵਿੱਚ ਰਾਜ ਪੂਰੀ ਤਰ੍ਹਾਂ ਆ ਜਾਵੇਗਾ। ਇੱਕ ਹੋਰ ਭਾਵ ਵਿੱਚ, ਪਰਮੇਸ਼ੁਰ ਦਾ ਰਾਜ ਪਹਿਲਾਂ ਤੋਂ ਹੀ ਹੋਂਦ ਵਿੱਚ ਸੀ। ਇਹ ਉਸ ਥਾਂ ਤੇ ਸੀ ਜਿੱਥੇ ਪਰਮੇਸ਼ੁਰ ਦੇ ਲੋਕ ਮੌਜੂਦ ਸਨ (ਵੇਖੋ 4:20; ਕੁਲੁੱਸੀਆਂ 1:13)। ਪੌਲੁਸ ਚਿਤਾਵਨੀ ਦੇ ਰਿਹਾ ਸੀ ਕਿ ਪਰਮੇਸ਼ੁਰ ਦੇ ਰਾਜ ਦਾ ਹਿੱਸਾ ਬਣਨ ਕਰਕੇ ਕੋਈ ਸੁਸਤ ਨਾ ਹੋ ਜਾਵੇ। ਮਸੀਹੀ ਲੋਕਾਂ ਨੂੰ ਹਮੇਸ਼ਾ ਸੁਚੇਤ ਰਹਿਣਾ ਚਾਹੀਦਾ ਹੈ; ਪਾਪ ਅਤੇ ਸਦੀਪਕ ਜੀਵਨ ਦੇ ਅਧਿਕਾਰ ਦਾ ਆਪਸ ਵਿੱਚ ਕੋਈ ਮੇਲ ਨਹੀਂ ਹੈ, ਨਾ ਹੀ ਇਸ ਯੁੱਗ ਵਿੱਚ ਅਤੇ ਨਾ ਹੀ ਆਉਣ ਵਾਲੇ ਯੁੱਗ ਵਿੱਚ। ਚਤਰਾਈ ਵਾਲੀਆਂ ਦਲੀਲਾਂ ਕੁਝ ਲੋਕਾਂ ਨੂੰ ਪਾਪ ਨਾਲ ਹਲਕੇ ਵਿੱਚ ਵਿਹਾਰ ਕਨਨ ਦੇ ਲਈ ਧੋਖਾ ਦੇ ਸਕਦੀਆਂ ਹਨ, ਪਰ ਪੌਲੁਸ ਨੇ ਆਪਣੇ ਪਾਠਕਾਂ ਨੂੰ ਇਹ ਭਰੋਸਾ ਦਿੱਤਾ ਕਿ ਸਦੀਪਕ ਮੁਕਤੀ ਤੋਂ ਘੱਟ ਹੋਰ ਕੁਝ ਵੀ ਖ਼ਤਰੇ ਵਿੱਚ ਨਹੀਂ ਹੈ। ਉਹ ਵਿਹਾਰ ਜਿਨ੍ਹਾਂ ਨੂੰ ਉਸ ਨੇ ਸੂਚੀਬੱਧ ਕੀਤਾ ਸੀ ਉਨ੍ਹਾਂ ਨੂੰ ਵੱਖਰਾ ਕਰ ਦਿੰਦਾ ਹੈ ਜਿਹੜੇ ਪਰਮੇਸ਼ੁਰ ਦੇ ਰਾਜ ਵਿੱਚੋਂ ਉਨ੍ਹਾਂ ਨੂੰ ਲਾਗੂ ਕਰਦੇ ਹਨ।

ਆਇਤ 9 ਵਿੱਚ ਜਿਨ੍ਹਾਂ ਪੰਜ ਪਾਪਾਂ ਦਾ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਵਿੱਚੋਂ ਚਾਰ ਪਾਪ ਯੌਨਾਚਾਰ ਦੇ ਹਨ। ਹਰਾਮਕਾਰੀ ਜਾਂ ਜ਼ਨਾਹਕਾਰੀ ਵਿਪਰੀਤ ਲਿੰਗ ਨਾਲ ਕੀਤੇ ਜਾਣ ਵਾਲੇ ਪਾਪ ਹਨ; ਆਖ਼ਰੀ ਦੋ ਸਮਲਿੰਗੀ ਪਾਪ ਹਨ। ਨਵੇਂ ਨੇਮ ਵਿੱਚ "ਹਰਾਮਕਾਰੀ" ਆਪਣੀ ਪਤਨੀ ਜਾਂ ਪਤੀ ਤੋਂ ਇਲਾਵਾ ਯੌਨ ਸੰਬੰਧ ਦੇ ਲਈ ਇੱਕ ਸਧਾਰਣ ਸ਼ਬਦ ਹੈ। ਜ਼ਨਾਹਕਾਰੀ ਵਿਸ਼ੇਸ਼ ਤੌਰ ਤੇ ਇੱਕ ਮਰਦ ਅਤੇ ਇੱਕ ਔਰਤ ਵਿਚਕਾਰ ਯੌਨ ਸੰਬੰਧ ਹੈ, ਜਿਹੜੇ ਆਪਸ ਵਿਚ ਵਿਆਹੇ ਹੋਏ ਨਹੀਂ ਹਨ। ਕੁਰਿੰਥੁਸ ਵਿੱਚ ਇਹੋ ਜਿਹੇ ਪਾਪ ਲਗਾਤਾਰ ਕੀਤੇ ਜਾ ਰਹੇ ਸਨ, ਸਗੋਂ ਧਰਮ ਦੇ ਨਾਮ ਤੇ ਵੀ। ਯਹੂਦੀ ਲੋਕਾਂ ਨੇ ਗੈਰ-ਯਹੂਦੀ ਸੰਸਾਰ ਦੀ ਹਰਾਮਕਾਰੀ

ਦਾ ਸਹੀ ਹੀ ਤਿਰਸਕਾਰ ਕੀਤਾ ਸੀ।

μαλακός (*ਮਾਲਾਕੋਸ,* "ਜਨਾਨੜੇ") ਸ਼ਬਦ, ਸਧਾਰਣ ਭਾਵ ਵਿੱਚ, ਸ਼ਾਬਦਿਕ ਤੌਰ ਤੇ ਕੋਮਲ ਕੱਪੜੇ ਜਾਂ ਹੋਰ ਚੀਜ਼ਾਂ ਦਾ ਹਵਾਲਾ ਦਿੰਦਾ ਹੈ ਜੋ ਛੋਹ ਦੇ ਪ੍ਰਤੀ ਝੁਕ ਜਾਣ ਵਾਲਾ ਸੀ। ਇਹ ਸ਼ਬਦ ਜਵਾਨ ਮਰਦਾਂ ਅਤੇ ਮੁੰਡਿਆਂ ਲਈ ਵਰਤਿਆ ਜਾਂਦਾ ਸੀ ਜਿਹੜੇ ਸਮਲਿੰਗੀ ਰਿਸ਼ਤਿਆਂ ਵਿੱਚ ਸਾਥੀ ਸਨ ਭਾਵੇਂ ਇੱਛੁਕ ਜਾਂ ਅਣਇੱਛੁਕ, ਭਾਵੇਂ ਪੈਸਾ ਲੈ ਕੇ ਜਾਂ ਨਹੀਂ ਤਾਂ ਸਹਿਮਤੀ ਨਾਲ।[8] NIV ਬਾਈਬਲ ਅਨੁਵਾਦ "ਮਰਦ ਜਿਹੜੇ ਮਰਦਾ ਨਾਲ ਸੰਭੋਗ ਕਰਦੇ ਹਨ" ਵਾਕ ਨੂੰ ਥੋੜ੍ਹਾ ਜਿਹਾ ਸੀਮਤ ਕਰਦਾ ਹੈ। ਇਹ ਉਨ੍ਹਾਂ ਜਨਾਨੜਿਆਂ ਦੇ ਤਰੀਕਿਆਂ ਦਾ ਵੀ ਹਵਾਲਾ ਦੇ ਸਕਦਾ ਹੈ ਜੋ ਸਮਲਿੰਗੀ ਮਰਦਾਂ ਦੁਆਰਾ ਪ੍ਰਦਰਸ਼ਿਤ ਹੁੰਦੇ ਹਨ।

ਪੌਲੁਸ ਨੇ ਪਰਤੱਖ ਰੂਪ ਵਿੱਚ ਦੂਜੇ ਸ਼ਬਦ ਨੂੰ ਜੋੜਿਆ ਜਿਸ ਦਾ ਅਰਥ ਸੀ "ਸਮਲਿੰਗੀ" (ἀρσενοκοίτης, *ਆਰਸੇਨੋਕੋਇਟਸ,* ਜੋ ਕਿ ἄρσην *ਆਰਸੇਨ,* "ਮਰਦਾਂ," ਅਤੇ κοίτη *ਕੋਇਟੇ* ਤੋਂ ਆਇਆ ਹੈ ਜਿਸ ਦਾ ਅਰਥ ਹੈ "ਮੁੰਡੇਬਾਜ਼")। ਸ਼ਾਇਦ ਉਹ LXX ਵਿੱਚ ਲੇਵੀਆਂ 18:23; 20:13 ਦੀ ਸ਼ਬਦਾਵਲੀ ਨੂੰ ਲੈਂਦਾ ਹੈ। ਬੜੇ ਧਿਆਨ ਨਾਲ ਵਿਚਾਰ ਕਰਨ ਤੋਂ ਬਾਅਦ, ਡੇਵਿਡ ਈ. ਮਲਿਕ ਇਨ੍ਹਾਂ ਦੋ ਸ਼ਬਦਾਂ ਬਾਰੇ ਇਸ ਸਿੱਟੇ ਤੇ ਪਹੁੰਚਿਆ:

> ਉਹ ਸਮਲਿੰਗੀ ਰਿਸ਼ਤੇ ਵਿੱਚ ਦੋ ਪਾਰਟੀਆਂ ਦੇ ਕਿਰਿਆਸ਼ੀਲ ਅਤੇ ਸੁਸਤ ਵਰਣਾਤਮਕ ਹਨ। ਉਨ੍ਹਾਂ ਦਾ ਹਵਾਲਾ ਮੁੰਡੇਬਾਜ਼ੀ (ਇੱਕ ਮਰਦ ਅਤੇ ਇੱਕ ਮੁੰਡੇ ਵਿਚਕਾਰ ਸੰਬੰਧਾਂ) ਦੀ ਦੁਰਵਰਤੋਂ ਨੂੰ ਸ਼ਾਮਲ ਕਰਦਾ ਹੈ ਪਰ ਇਬਰਾਨੀ ਗ੍ਰੰਥਾਂ ਦੇ ਸੱਭਿਆਚਾਰਕ ਦ੍ਰਿਸ਼ਟੀਕੋਣ, ਖਾਸ ਕਰਕੇ ਲੇਵੀਆਂ 18:22 ਅਤੇ 20:13 ਵਿੱਚੋਂ ਆਪਸੀ ਗਤੀਵਿਧੀਆਂ, ਇੱਕੋ ਜਿਹੇ ਲਿੰਗਕ ਸੰਬੰਧਾਂ ਦਾ ਸੰਕੇਤ ਦਿੰਦਾ ਹੈ।[9]

ਫਿਰ ਵੀ ਸਮਲਿੰਗਕਤਾ ਦੇ ਲਈ ਅੱਜ ਕੱਲ੍ਹ ਦੇ ਅਪੋਲੋਜਿਸਟ ਪੌਲੁਸ ਦੇ ਸ਼ਬਦਾਂ ਦਾ ਖੰਡਣ ਜਾਂ ਉਨ੍ਹਾਂ ਦੀ ਦੁਬਾਰਾ ਵਿਆਖਿਆ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ, ਰਸੂਲ ਦਾ ਮੰਨਣਾ ਸੀ ਕਿ ਸਮਲਿੰਗਕਤਾ ਮਸੀਹੀ ਲੋਕਾਂ ਦੇ ਲਈ ਅਸਵੀਕਾਰਣਯੋਗ ਵਿਹਾਰ ਹੈ।

ਭਾਵੇਂ ਕੁਝ ਲੋਕ ਸਮਲਿੰਗਕਤਾ ਦੀ ਪ੍ਰਵਿਰਤੀ ਨਾਲ ਪੈਦਾ ਹੋਏ ਹਨ, ਮਸੀਹੀ ਦ੍ਰਿਸ਼ਟੀਕੋਣ ਤੋਂ ਇਹ ਸਮਲਿੰਗਕਤਾ ਨੂੰ ਸਵੀਕਾਰਯੋਗ ਨਹੀਂ ਬਣਾਉਂਦਾ। ਲੋਕ ਸੁਆਰਥੀ ਬਣਨ, ਚੋਰੀ ਕਰਨ, ਬੁਰੀਆਂ ਆਦਤਾਂ ਵਿੱਚ ਪੈਣ ਅਤੇ ਦੂਜਿਆਂ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਪ੍ਰਵਿਰਤੀਆਂ ਨਾਲ ਵੀ ਪੈਦਾ ਹੁੰਦੇ ਹਨ। ਜ਼ਿਆਦਾਤਰ ਮਸੀਹੀ ਸਦਾਚਾਰ "ਸੁਭਾਵਕ" ਮਨੁੱਖੀ ਪ੍ਰਵਿਰਤੀਆਂ ਦਾ ਖਾਤਮਾ ਕਰਨ ਦੇ ਬਾਰੇ ਹਨ। ਸਟੈਨਲੀ ਜੇ. ਗਰੇਨਜ਼ ਨੇ ਸਹੀ ਹੀ ਕਿਹਾ ਹੈ:

> [ਸਦਾਚਾਰ] ਨਿਰਾ ਉਸ ਨੂੰ ਅਣਡਿੱਠਾ ਕਰਨ ਦੇ ਲਈ ਨਹੀਂ ਹਨ ਜੋ ਸੁਭਾਵਕ ਤੌਰ ਤੇ ਆਉਂਦਾ ਹੈ . . . । ਹਾਲਾਂਕਿ ਕੁਝ ਖੋਜਕਰਤਾਵਾਂ ਨੇ ਇੱਹ ਸਿੱਟਾ ਕੱਢਿਆ ਹੈ ਕਿ ਮਰਦ ਸੁਭਾਵਕ ਤੌਰ ਤੇ ਅਸੰਜਮੀ ਹੁੰਦੇ ਹਨ, ਮੰਨਿਆ ਜਾਂਦਾ ਹੈ ਕਿ ਇਹ ਸੁਭਾਵਕ ਪ੍ਰਵਿਰਤੀ ਬਾਈਬਲ ਅਧਾਰਿਤ ਵਫ਼ਾਦਾਰੀ ਦੇ ਸਦਾਚਾਰ ਨੂੰ ਇੱਕ ਪਾਸੇ ਨਹੀਂ ਕਰਦੀ।[10]

ਉਸੇ ਤਰ੍ਹਾਂ, ਨਾ ਹੀ ਸਮਲਿੰਗਕਤਾ ਦੀ ਸੁਭਾਵਕ ਪ੍ਰਵਿਰਤੀ ਇਸ ਰੀਤ ਨੂੰ ਸਹੀ ਠਹਿਰਾਉਂਦੀ ਹੈ।

ਪੌਲੁਸ ਨੇ ਚਾਰ ਯੌਨ ਪਾਪਾਂ ਦੀ ਸੂਚੀ ਵਿੱਚ ਮੂਰਤੀਪੂਜਾ ਨੂੰ ਸ਼ਾਮਲ ਕਰਨ ਦੀ ਉਮੀਦ ਨਹੀਂ ਸੀ ਕੀਤੀ। ਉਸ ਨੇ ਸੰਭਵ ਤੌਰ ਤੇ ਇਸ ਨੂੰ ਇਸ ਲਈ ਸ਼ਾਮਲ ਕੀਤਾ ਸੀ ਕਿਉਂਕਿ ਅਨੈਤਿਕ ਸੰਸਕਾਰਾਂ ਨੂੰ ਅਕਸਰ ਗੈਰ-ਯਹੂਦੀ ਤਿਉਹਾਰਾਂ ਨਾਲ ਜੋੜਿਆ ਜਾਂਦਾ ਸੀ। ਪੁਰਾਣੇ ਨੇਮ ਵਿੱਚ, ਪਵਿੱਤਰ ਵੇਸਵਾਪਣ ਜਣਨ-ਸ਼ਕਤੀ ਦੀ ਇੱਕ ਗਹਿਰੀ ਵਿਸ਼ੇਸ਼ਤਾ ਸੀ ਜੋ ਮੂਰਤੀਪੂਜਕ ਧਰਮ ਬਆਲ ਅਤੇ ਉਸ ਦੇ ਸਾਥੀਆਂ ਨੂੰ ਸਮਰਪਿਤ ਕਰਦੇ ਸਨ। ਇਹ ਰੀਤ ਵਿਸ਼ੇਸ਼ ਤੌਰ ਤੇ ਵਿਨਾਸ਼ਕਾਰੀ ਸੀ ਕਿਉਂਕਿ ਨਹੀਂ ਤਾਂ ਆਦਰਯੋਗ ਯਹੂਦੀ ਮਰਦ ਅਤੇ ਔਰਤਾਂ ਇਸ ਵੱਲ ਖਿੱਚੇ ਚਲੇ ਜਾਂਦੇ ਸਨ। "ਕੀ ਤੁਸੀਂ ਵੇਖਿਆ ਬੇਵਫ਼ਾ ਇਸਰਾਏਲ ਨੇ ਕੀ ਕੀਤਾ ਸੀ?" ਯਿਰਮਿਯਾਹ ਨੇ ਪੁੱਛਿਆ, "ਉਹ ਹਰੇਕ ਉੱਚੇ ਪਹਾੜ ਉੱਤੇ ਅਤੇ ਹਰ ਹਰੇ ਰੁੱਖ ਹੇਠ ਗਈ ਅਤੇ ਉੱਥੇ ਜ਼ਨਾਹ ਕੀਤਾ" (ਯਿਰਮਿਯਾਹ 3:6)। ਨਬੀ ਪ੍ਰਤੀਕਾਤਮਕ ਰੂਪ ਵਿੱਚ ਨਹੀਂ ਸੀ ਬੋਲ ਰਿਹਾ। ਉਸੇ ਤਰ੍ਹਾਂ ਯੂਨਾਨੀਆਂ ਨੇ ਵਿਭਚਾਰਕ ਸੰਸਕਾਰਾਂ ਨੂੰ ਡਾਇਨੋਸੁਸ ਅਤੇ ਹੋਰ ਦੇਵੀ-ਦੇਵਤਿਆਂ ਨੂੰ ਸਮਰਪਿਤ ਕੀਤਾ ਸੀ।

**ਆਇਤ 10.** ਰਸੂਲ ਨੇ ਆਮ ਤੌਰ ਤੇ ਪਾਪਾਂ ਦੀਆਂ ਸੂਚੀਆਂ ਦਾ ਸਹਾਰਾ ਲਿਆ ਸੀ, ਹਾਲਾਂਕਿ ਕਈ ਵਾਰ ਉਸ ਨੇ ਗੁਣਾਂ ਦੀ ਸੂਚੀ ਵੀ ਦਿੱਤੀ ਸੀ (ਵੇਖੋ ਗਲਾਤੀਆਂ 5:19-23)। ਉਹ ਯੌਨ ਪਾਪਾਂ ਤੋਂ ਹੋਰ ਤਰੀਕਿਆਂ ਵੱਲ ਚਲਾ ਗਿਆ ਜਿਨ੍ਹਾਂ ਨਾਲ ਲੋਕ ਇੱਕ ਦੂਜੇ ਨਾਲ ਗਲਤ ਕਰ ਸਕਦੇ ਹਨ ਅਤੇ ਆਪਣੇ ਆਪ ਦਾ ਨੁਕਸਾਨ ਕਰ ਸਕਦੇ ਹਨ। **ਹਰਾਮਕਾਰ, ਲੋਭੀ, ਸ਼ਰਾਬੀ** ਅਤੇ **ਲੁਟੇਰੇ** ਪਿਛਲੀ ਸੂਚੀ ਵਿੱਚ ਵੀ ਸਨ (1 ਕੁਰਿੰਥੀਆਂ 5:11)। ਜਿਵੇਂ ਕਿ ਲੋਭ ਦਾ ਨਤੀਜਾ ਚੋਰੀ ਹੀ ਹੁੰਦਾ ਹੈ, ਮਸੀਹੀ ਜੀਉਣ ਦਾ ਤਰੀਕਾ ਨਿਹਚਾ ਤੋਂ ਹੀ ਉਤਪੰਨ ਹੁੰਦਾ ਹੈ ਜੋ ਪਰਮੇਸ਼ੁਰ ਦੇ ਲੋਕਾਂ ਦੇ ਸਮਾਜ ਦੁਆਰਾ ਅਪਨਾਈ ਜਾਂਦੀ ਹੈ। ਪੌਲੁਸ ਦੇ ਵਿਚਾਰ ਵਿੱਚ, ਇਕਰਾਰ ਨੂੰ ਜੀਵਨ-ਸ਼ੈਲੀ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇੱਕ ਵਿਅਕਤੀ ਜੇਕਰ ਮਸੀਹੀ ਨਿਹਚਾ ਦਾ ਪਾਲਣ ਕਰਨ ਵਿੱਚ ਅਸਫ਼ਲ ਹੋ ਜਾਂਦਾ ਹੈ ਤਾਂ ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਹ **ਪਰਮੇਸ਼ੁਰ ਦੇ ਰਾਜ** ਦਾ ਅਧਿਕਾਰੀ ਹੋਣ ਤੋਂ ਖੁੰਝ ਜਾਂਦਾ ਹੈ।

**ਆਇਤ 11.** ਪੌਲੁਸ, ਯਿਸੂ ਮਸੀਹ ਦਾ ਰਸੂਲ ਹੋਣ ਦੇ ਨਾਤੇ, ਛੁਟਕਾਰੇ ਦੇ ਵਿਸ਼ੇ ਵੱਲ ਵਾਪਸ ਲੈ ਕੇ ਜਾਣ ਤੋਂ ਬਿਨਾਂ ਆਪਣੇ ਪਾਠਕਾਂ ਦੇ ਸਾਹਮਣੇ ਪਾਪ ਦੀਆਂ ਡਰਾਵਣੀਆਂ ਗੱਲਾਂ ਨੂੰ ਰੱਖਦਾ ਹੈ। ਉਸ ਨੇ ਆਪਣੇ ਪਾਠਕਾਂ ਨੂੰ ਚੇਤੇ ਕਰਾਇਆ ਕਿ ਉਹ ਯਿਸੂ ਦੇ ਨਾਮ ਵਿੱਚ ਸ਼ੁੱਧ ਕੀਤੇ ਅਤੇ ਬਚਾਏ ਗਏ ਹਨ। ਹਾਲਾਂਕਿ ਪੌਲੁਸ ਇੱਕ ਭਰਾ ਦੇ ਦੂਜੇ ਭਰਾ ਦੇ ਵਿਰੁੱਧ ਨਾਲਸ਼ ਕਰਨ ਦੀ ਸੰਭਾਵਨਾ ਤੋਂ ਘਿਰਣਾ ਕਰਦਾ ਸੀ, ਉਸ ਨੇ ਆਪਣੇ ਪਾਠਕਾਂ ਨੂੰ ਚੇਤੇ ਕਰਾਇਆ ਕਿ ਮਸੀਹ ਵਿੱਚ ਹੋਣ ਦੇ ਕਾਰਣ ਉਨ੍ਹਾਂ ਦੇ ਲਈ ਬਿਹਤਰ ਰਸਤੇ ਖੁੱਲ੍ਹ ਗਏ ਹਨ। ਕੁਰਿੰਥੁਸ ਦੇ ਮਸੀਹੀ ਲੋਕਾਂ ਦਾ ਵਿਹਾਰ ਲਾਲਚ ਦੇ ਕਾਰਜ ਨੂੰ ਦਰਸਾਉਂਦਾ ਸੀ, ਪਰ ਰਸੂਲ ਨੇ ਉਨ੍ਹਾਂ ਦੀਆਂ ਬਿਹਤਰ ਪ੍ਰਵਿਰਤੀਆਂ ਨੂੰ ਅਪੀਲ ਕੀਤੀ ਸੀ। ਸਦੀਪਕ ਜੀਵਨ ਦੇ ਰਾਹ ਤੇ ਪੈਣ ਤੋਂ ਇਲਾਵਾ, ਉਨ੍ਹਾਂ ਨੂੰ ਇਸ ਜਗਤ ਵਿੱਚ ਸਵੈ-ਆਦਰ ਦੇ ਸੰਤੋਸ਼ਜਨਕ ਜੀਵਨ ਦੇ ਲਈ ਪਰਮੇਸ਼ੁਰ ਦੁਆਰਾ ਬੁਲਾਇਆ ਗਿਆ ਸੀ। ਪੌਲੁਸ ਸਮਝ ਗਿਆ "ਕਿ ਪਰਮੇਸ਼ੁਰ ਮਸੀਹੀ ਲੋਕਾਂ ਨੂੰ ਪਾਪ ਭਰੀਆਂ ਇੱਛਾਵਾਂ ਦਾ ਸਾਹਮਣਾ ਕਰਨ ਦੇ ਲਈ ਸ਼ਕਤੀ ਦੇ ਸਕਦਾ ਹੈ, ਭਾਵੇਂ ਕਿ ਉਹ ਅਜਿਹੀਆਂ ਇੱਛਾਵਾਂ ਰੱਖਦੇ ਰਹਿਣ . . . । ਮਸੀਹ ਵਿਸ਼ਵਾਸੀਆਂ ਨੂੰ ਪਾਪ ਦੀ ਆਦਤ ਤੋਂ ਅਜ਼ਾਦ ਕਰਦਾ ਹੈ ਤਾਂ ਜੋ ਉਹ ਆਪਣੇ ਕੰਮਾਂ ਦੇ ਬਾਰੇ ਚੋਣ ਕਰ ਸਕਣ।"[11]

ਖੁਸ਼ਖ਼ਬਰੀ ਦੀ ਬਦਲਣ ਵਾਲੀ ਸ਼ਕਤੀ ਸਭ ਤੋਂ ਵੱਡੇ ਪਾਪੀ ਮਰਦਾਂ ਅਤੇ ਔਰਤਾਂ ਨੂੰ ਪਰਮੇਸ਼ੁਰ ਦੇ ਪਵਿੱਤਰ ਕੀਤੇ ਹੋਏ ਅਤੇ ਧਰਮੀ ਠਹਿਰਾਏ ਹੋਏ ਬੱਚਿਆਂ ਵਿੱਚ ਬਦਲ

ਸਕਦੀ ਹੈ। ਰਸੂਲ ਨੇ ਉਸ ਪਹਿਲ ਨੂੰ ਜੋ ਪਰਮੇਸ਼ੁਰ ਨੇ ਮਨੁੱਖੀ ਪਰਿਵਾਰ ਵਿੱਚ ਮੁਕਤੀ ਲਿਆਉਣ ਦੇ ਲਈ ਕੀਤੀ ਸੀ ਅਤੇ ਉਹ ਜ਼ਿੰਮੇਵਾਰੀ ਜਿਸ ਨੂੰ ਬਚੇ ਹੋਏ ਲੋਕਾਂ ਨੂੰ ਪਰਤਾਪੀ ਬਣਨ ਦੇ ਲਈ ਗਲੇ ਲਗਾਉਣਾ ਚਾਹੀਦਾ ਹੈ ਵਿਚਕਾਰ ਇੱਕ ਅਦਭੁਤ ਸੰਤੁਲਨ ਨੂੰ ਬਰਕਰਾਰ ਰੱਖਿਆ। ਕਲੀਸਿਆ ਦੀ ਤਾਕਤ ਹਰ ਵਿਸ਼ਵਾਸੀ ਦੀ ਸਰਲ ਧਾਰਮਿਕਤਾ ਅਤੇ ਪਰਮੇਸ਼ੁਰ ਉੱਤੇ ਭਰੋਸੇ ਵਿੱਚ ਹੈ।

ਕੁਝ ਸਾਲਾਂ ਬਾਅਦ ਪੌਲੁਸ ਨੇ ਪਰਮੇਸ਼ੁਰ ਵਿੱਚ ਇਸ ਭਰੋਸੇ ਨੂੰ ਵਿਅਕਤ ਕੀਤਾ, ਰੋਮ ਦੀ ਕਲੀਸਿਆ ਵਿੱਚ ਇੱਕ ਐਲਡਰ ਨੇ ਪਰਮੇਸ਼ੁਰ ਦੀ ਦੈਵੀ ਦੇਖਰੇਖ ਵਿੱਚ ਉਸ ਦੇ ਭਰੋਸੇ ਦੇ ਬਾਰੇ ਲਿਖਿਆ ਸੀ। ਉਸ ਨੇ ਕੁਰਿੰਥੁਸ ਦੀ ਕਲੀਸਿਆ ਨੂੰ ਲਿਖੇ ਇੱਕ ਪੱਤਰ ਵਿੱਚ ਹੇਠ ਲਿਖੀ ਪ੍ਰਾਰਥਨਾ ਕੀਤੀ, ਜੋ ਕਿ ਪਹਿਲੀ ਸਦੀ ਦੇ ਆਖ਼ਰੀ ਦਹਾਕੇ ਵਿੱਚ ਲਿਖਿਆ ਗਿਆ ਸੀ:

> ਪ੍ਰਭੂ ਸਾਨੂੰ ਆਪਣੀ ਕਿਰਪਾ ਬਖ਼ਸ਼ ਤਾਂ ਜੋ ਅਸੀਂ ਤੁਹਾਡੇ ਨਾਮ ਤੇ ਆਸ ਰੱਖਿਆ ਜੋ ਸਾਰੀ ਸਰਿਸ਼ਟੀ ਦਾ ਮੂਲ ਸ੍ਰੋਤ ਹੈ ਅਤੇ ਸਾਡੇ ਦਿਲਾਂ ਦੀਆਂ ਅੱਖਾਂ ਨੂੰ ਖੋਲ੍ਹ, ਤਾਂ ਜੋ ਅਸੀਂ ਤੁਹਾਨੂੰ ਜਾਣ ਸਕੀਏ, ਜਿਹੜਾ ਅੱਤ ਉੱਚੇ ਅਸਥਾਨ ਵਿੱਚ, ਪਵਿੱਤਰ ਤੋਂ ਵੀ ਪਵਿੱਤਰ ਅਸਥਾਨ ਵਿੱਚ ਵੱਸਦਾ ਹੈ; ਜਿਹੜਾ ਘਮੰਡੀ ਦੀ ਗੁਸਤਾਖੀ ਨੂੰ ਪਛਾੜ ਦਿੰਦਾ ਹੈ: ਜਿਹੜਾ ਕੌਮਾਂ ਦੀਆਂ ਕਲਪਨਾਵਾਂ ਨੂੰ ਖਿੰਡਾਉਂਦਾ ਹੈ; ਜਿਹੜਾ ਦੀਨਾਂ ਨੂੰ ਉੱਚਿਆਂ ਕਰਦਾ ਹੈ ਅਤੇ ਘਮੰਡੀਆਂ ਨੂੰ ਨੀਵਿਆਂ ਕਰਦਾ ਹੈ; ਜਿਹੜਾ ਅਮੀਰ ਬਣਾਉਂਦਾ ਅਤੇ ਗਰੀਬ ਬਣਾਉਂਦਾ ਹੈ; ਜਿਹੜਾ ਮਾਰਦਾ ਹੈ ਅਤੇ ਜ਼ਿੰਦਾ ਕਰਦਾ ਹੈ; ਜਿਹੜਾ ਇਕੱਲਾ ਆਤਮਾਵਾਂ ਨੂੰ ਰਚਣ ਵਾਲਾ ਅਤੇ ਸਾਰੇ ਬਸ਼ਰ ਦਾ ਪਰਮੇਸ਼ੁਰ ਹੈ; ਜਿਹੜਾ ਪਤਾਲਾਂ ਵਿੱਚ ਵੇਖਦਾ ਹੈ, ਜਿਹੜਾ ਮਨੁੱਖਾਂ ਦੇ ਕੰਮਾਂ ਨੂੰ ਜਾਂਚਦਾ ਹੈ; ਉਨ੍ਹਾਂ ਦਾ ਸਹਾਇਕ ਹੈ ਜਿਹੜੇ ਕਸ਼ਟ ਵਿੱਚ ਹਨ, ਉਨ੍ਹਾਂ ਦਾ ਮੁਕਤੀਦਾਤਾ ਹੈ ਜਿਹੜੇ ਨਿਰਾਸ਼ਾ ਵਿੱਚ ਹਨ; ਹਰ ਆਤਮਾ ਦਾ ਰਚਣਹਾਰ ਅਤੇ ਨਿਰੀਖਕ; ਜਿਹੜਾ ਧਰਤੀ ਉੱਤੇ ਕੌਮਾਂ ਨੂੰ ਵਧਾਉਂਦਾ ਹੈ ਅਤੇ ਸਾਰੇ ਮਨੁੱਖਾਂ ਵਿੱਚੋਂ ਉਨ੍ਹਾਂ ਨੂੰ ਚੁਣਿਆ ਹੈ ਜਿਨ੍ਹਾਂ ਨੂੰ ਉਹ ਆਪਣੇ ਪਿਆਰੇ ਪੁੱਤਰ ਯਿਸੂ ਮਸੀਹ ਦੇ ਰਾਹੀਂ ਪਿਆਰ ਕਰਦਾ ਹੈ, ਜਿਸ ਦੇ ਰਾਹੀਂ ਉਸ ਨੇ ਸਾਨੂੰ ਉਪਦੇਸ਼ ਦਿੱਤਾ, ਸਾਨੂੰ ਪਵਿੱਤਰ ਕੀਤਾ, ਸਾਡਾ ਆਦਰ ਕੀਤਾ।[12]

ਬਪਤਿਸਮੇ ਦੇ ਸੰਦਰਭ ਵਿੱਚ ਧੋਣ ਅਤੇ ਪਾਣੀ ਦੇ ਬਾਰੇ ਬਾਈਬਲ ਦੇ ਬਹੁਤ ਸਾਰੇ ਹਵਾਲੇ ਇਹ ਸਪੱਸ਼ਟ ਕਰਦੇ ਹਨ ਕਿ ਪੌਲੁਸ ਅਤੇ ਉਸ ਦੇ ਪਾਠਕ ਦੋਵੇਂ ਬਪਤਿਸਮੇ ਦੇ ਨਾਲ **ਧੋਤੇ ਗਏ**। ਪੌਲੁਸ ਨੇ ਅੱਗੇ ਇਹ ਕਿਹਾ, **ਅਰ ਤੁਸੀਂ ਪਵਿੱਤਰ ਕੀਤੇ ਗਏ ਅਰ ਤੁਸੀਂ ਧਰਮੀ ਠਹਿਰਾਏ ਗਏ** (ਵੇਖੋ ਰਸੂਲਾਂ ਦੇ ਕਰਤੱਬ 22:16; ਤੀਤੁਸ 3:5)। ਵਾਇਨ ਏ. ਮੀਕਸ ਨੇ ਇਸ ਨੂੰ ਆਪਣੇ ਸ਼ਬਦਾਂ ਵਿੱਚ ਇਸ ਤਰੀਕੇ ਨਾਲ ਬਿਆਨ ਕੀਤਾ ਹੈ:

> ਉਹ ਸਭ ਜਿਹੜੇ ਪਵਿੱਤਰ ਸਮਾਜ ਵਿੱਚ ਦਾਖ਼ਲ ਹੁੰਦੇ ਹਨ ਉਨ੍ਹਾਂ ਨੂੰ “ਧੋਤੇ ਜਾ ਕੇ” ਅਤੇ “ਪਵਿੱਤਰ ਕੀਤੇ ਜਾ ਕੇ” ਅਤੇ “ਧਰਮੀ ਠਹਿਰਾਏ ਜਾ ਕੇ” ਪਵਿੱਤਰ ਸਮਾਜ ਵਿੱਚ ਦਾਖ਼ਲ ਹੋਣਾ ਚਾਹੀਦਾ ਹੈ (1 ਕੁਰਿੰਥੀਆਂ 6:11)। ਇਸ ਤੋਂ ਇਲਾਵਾ, ਇਹ ਸਾਰੀ ਰੀਤ ਮਸੀਹ ਨਾਲ ਮਰਨ ਅਤੇ ਜੀ ਉੱਠਣ ਨੂੰ ਦਰਸਾਉਂਦੀ ਹੈ . . . ਸਪੱਸ਼ਟ ਤੌਰ ਤੇ, ਫਿਰ, ਬਪਤਿਸਮਾ ਇੱਕ ਸੀਮਾ ਨੂੰ ਸਥਾਪਤ ਕਰਨ ਵਾਲੀ ਰੀਤ ਹੈ।[13]

ਬਪਤਿਸਮੇ ਦੇ ਬਾਹਰੀ ਕਾਰਜ ਨੂੰ ਨਿਹਚਾ, ਪ੍ਰੇਮ ਅਤੇ ਅਧੀਨਗੀ ਦੇ ਅੰਦਰੂਨੀ ਰਵੱਈਏ ਤੋਂ

ਅੱਡ ਨਹੀਂ ਕੀਤਾ ਜਾ ਸਕਦਾ ਜਿਨ੍ਹਾਂ ਦੀ ਪੁਸ਼ਟੀ ਬਪਤਿਸਮੇ ਵਿੱਚ ਹੁੰਦੀ ਹੈ। ਪਾਣੀ ਵਿੱਚ ਡੋਬਿਆ ਜਾਣਾ ਤੋਬਾ ਦੇ ਆਤਮਿਕ ਸੁਭਾਅ ਨਾਲ ਜੁੜਿਆ ਹੋਇਆ ਹੈ।

ਪੁਰਾਣੇ ਨੇਮ ਵਿੱਚ ਪੌਲੁਸ ਦੀਆਂ ਡੂੰਘੀਆਂ ਜੜ੍ਹਾਂ ਵਿਖਾਈ ਦਿੱਤੀਆਂ ਜਦੋਂ ਉਸ ਨੇ **ਪ੍ਰਭੂ ਯਿਸੂ ਮਸੀਹ ਦੇ ਨਾਮ** ਦਾ ਸਰਸਰੀ ਹਵਾਲਾ ਦਿੱਤਾ। "ਨਾਮ" ਖੁਦ ਪ੍ਰਭੂ ਦੇ ਨਾਮ ਨੂੰ ਦਰਸਾਉਂਦਾ ਹੈ। ਮੁਕਤੀਦਾਤਾ ਦੇ ਨਾਮ ਦੀ ਵਰਤੋਂ ਕਰਨ ਦੇ ਦੁਆਰਾ, ਪੌਲੁਸ ਨੇ ਧੋਣ ਲਈ, ਪਵਿੱਤਰ ਕਰਨ ਦੇ ਲਈ ਅਤੇ ਧਰਮੀ ਠਹਿਰਾਉਣ ਦੇ ਲਈ ਯਿਸੂ ਦੇ ਪ੍ਰਤੀਨਿਧੀ ਹੋਣ ਦੀ ਪੁਸ਼ਟੀ ਕੀਤੀ ਸੀ।[14] ਆਤਮਾ ਦਾ ਵਿਚੋਲਗੀ ਦਾ ਕੰਮ ਪਰਮੇਸ਼ੁਰ ਅਤੇ ਉਸ ਦੇ ਲੋਕਾਂ ਵਿਚਕਾਰ ਸੰਬੰਧਾਂ ਨੂੰ ਵਿਕਸਤ ਕਰਦਾ ਹੈ। ਇਹ ਲੋਕ ਜੋ ਮਸੀਹ ਵਿੱਚ ਸਨ ਉਸ ਨਾਲੋਂ ਬਿਲਕੁਲ ਵੱਖਰੇ ਸਨ ਜੋ ਉਹ ਇਸ ਯੁੱਗ ਵਿੱਚ ਬੱਚਿਆਂ ਦੇ ਤੌਰ ਤੇ ਸਨ। ਫੀ ਨੇ ਕਿਹਾ, "ਪੌਲੁਸ ਦੇ ਲਈ ਕਿਰਪਾ ਦੇ ਅਨੁਭਵ ਅਤੇ ਇੱਕ ਵਿਅਕਤੀ ਦੇ ਵਿਹਾਰ ਵਿਚਕਾਰ ਇੱਕ ਨਜ਼ਦੀਕੀ ਅਤੇ ਸੰਭਵ ਰਿਸ਼ਤਾ ਹੈ ਜੋ ਕਿਰਪਾ ਦੇ ਅਨੁਭਵ ਨੂੰ ਸਾਬਤ ਕਰਦਾ ਹੈ।"[15]

## ਯੌਨ ਪਾਪ ਤੋਂ ਬਚਣਾ (6:12-20)[16]

ਇੱਕ ਪੱਤਰ ਵਿੱਚ ਆਮ ਤੌਰ ਤੇ ਇੱਕ ਨਿਬੰਧ ਦੇ ਰਸਮੀ ਢਾਂਚੇ ਦੀ ਕਮੀ ਹੁੰਦੀ ਹੈ। ਇੱਕ ਪੱਤਰ ਵਿੱਚ ਲੇਖਕ ਇੱਕ ਵਿਚਾਰ ਪਾ ਸਕਦਾ ਹੈ ਜੋ ਥੋੜ੍ਹਾ ਜਿਹਾ ਪਿਛਲੇ ਅਤੇ ਅੱਗੇ ਆਉਣ ਵਾਲਿਆਂ ਵਿਸ਼ਿਆਂ ਨਾਲ ਸੰਬੰਧਤ ਹੁੰਦਾ ਹੈ। ਪਰਤੱਖ ਰੂਪ ਵਿੱਚ 1 ਕੁਰਿੰਥੀਆਂ 6 ਦੇ ਪਹਿਲੇ ਹਿੱਸੇ ਵਿੱਚ ਪੌਲੁਸ ਨੇ ਵੀ ਉਹੀ ਕੀਤਾ ਸੀ। ਇੱਥੇ ਪੌਲੁਸ ਨੇ ਕੁਰਿੰਥੁਸ ਦੇ ਯੌਨ ਰਸਮ-ਰਿਵਾਜ ਅਤੇ ਉਨ੍ਹਾਂ ਦੇ ਪ੍ਰਤੀ ਮਸੀਹੀ ਵਿਅਕਤੀ ਦੇ ਜਵਾਬ ਵੱਲ ਆਪਣਾ ਧਿਆਨ ਕਿਉਂ ਮੋੜਿਆ? ਉਸ ਮਨੁੱਖ ਨਾਲ ਸੰਗਤੀ ਕਰਨ ਦਾ ਮੁੱਦਾ ਜਿਹੜਾ ਆਪਣੇ ਪਿਉ ਦੀ ਤੀਵੀਂ ਨਾਲ ਰਹਿ ਰਿਹਾ ਸੀ ਹਾਲੇ ਵੀ ਉਸ ਦੇ ਦਿਮਾਗ ਵਿੱਚ ਤਰੋਤਾਜ਼ਾ ਸੀ (5:1) ਅਤੇ ਉਸ ਨੇ ਇੱਕ ਭਰਾ ਦੇ ਦੂਜੇ ਭਰਾ ਦੇ ਵਿਰੁੱਧ ਨਾਲਸ਼ ਕਰਨ ਦੀ ਤੁਲਨਾ ਜ਼ਨਾਹਕਾਰੀ ਅਤੇ ਮੂਰਤੀਪੂਜਾ ਨਾਲ ਕੀਤੀ। ਕਲੀਸਿਆ ਵਿੱਚ ਕੁਝ ਲੋਕ ਪਰਮੇਸ਼ੁਰ ਨਾਲੋਂ ਅਤੇ ਜਿਸ ਨੂੰ ਉਹ ਨਿਰੇ ਸਰੀਰ ਦੇ ਕੰਮ ਸਮਝਦੇ ਸਨ ਉਸ ਨਾਲੋਂ ਆਪਣਾ ਰਿਸ਼ਤਾ ਤੋੜਨਾ ਚਾਹੁੰਦੇ ਸਨ। ਪੌਲੁਸ ਨਹੀਂ ਸੀ ਚਾਹੁੰਦਾ ਕਿ ਉਹ ਇਹ ਰਿਸ਼ਤਾ ਤੋੜਨ। ਹਰਾਮਕਾਰੀ, ਪੌਲੁਸ ਨੇ ਦਲੀਲ ਦਿੱਤੀ ਕਿ ਵਿਸ਼ੇਸ਼ ਤੌਰ ਤੇ ਜਾਣਬੁੱਝ ਕੇ ਕੀਤਾ ਜਾਣ ਵਾਲਾ ਪਾਪ ਹੈ; ਇਹ ਉਨ੍ਹਾਂ ਨੂੰ ਭਰਿਸ਼ਟ ਕਰ ਦਿੰਦਾ ਹੈ ਜਿਹੜੇ ਇਸ ਪਾਪ ਦੇ ਵਿੱਚ ਸ਼ਾਮਲ ਹੁੰਦੇ ਹਨ। ਇਹ ਸਰੀਰ, ਮਨ ਅਤੇ ਆਤਮਾ ਨੂੰ ਪੂਰੀ ਤਰ੍ਹਾਂ ਭਰਿਸ਼ਟ ਕਰਨ ਵਾਲੇ ਤਰੀਕੇ ਨਾਲ ਸ਼ਾਮਲ ਕਰਦਾ ਹੈ (ਵੇਖੋ 6:18)।

ਬਹੁਤ ਸਾਰੇ ਸਬੂਤ ਦੁਨਿਆਵੀ ਯੂਨਾਨੀ-ਰੋਮੀ ਸੱਭਿਆਚਾਰ, ਵਿਸ਼ੇਸ਼ ਕਰਕੇ ਕੁਰਿੰਥੁਸ ਵਿੱਚ ਹੋਣ ਵਾਲੀ ਹਰਾਮਕਾਰੀ ਦੇ ਨੀਵੇਂ ਪੱਧਰ ਨੂੰ ਪ੍ਰਦਰਸ਼ਿਤ ਕਰਦੇ ਹਨ। ਉੱਥੇ ਬਹੁਤ ਸਾਰਾ ਵੇਸਵਾਪਣ ਸੀ, ਗੁਲਾਮ ਔਰਤਾਂ ਦੇ ਸਰੀਰ ਉਨ੍ਹਾਂ ਦੇ ਮਾਲਕਾਂ ਦੇ ਹੁੰਦੇ ਸਨ, ਸਮਲਿੰਗਕਤਾ ਦਾ ਮਜ਼ਾਕ ਉਡਾਇਆ ਜਾਂਦਾ ਸੀ ਪਰ ਇਸ ਨੂੰ ਬਰਦਾਸ਼ਤ ਕੀਤਾ ਜਾਂਦਾ ਸੀ, ਤਲਾਕ ਵੀ ਸਵੀਕਾਰ ਕੀਤਾ ਜਾਂਦਾ ਸੀ ਅਤੇ ਭਰੂਣ ਹੱਤਿਆ ਅਤੇ ਬੱਚਿਆਂ ਦਾ ਪ੍ਰਦਰਸ਼ਣ ਆਮ ਗੱਲ ਸੀ। ਰਸੂਲ ਫੈਲਦੀ ਹੋਈ ਇਸ ਹਰਾਮਕਾਰੀ ਦੇ ਪ੍ਰਤੀ ਮਸੀਹੀ ਵਿਅਕਤੀ ਦੇ ਜਵਾਬ ਸੰਬੰਧੀ ਕੁਝ ਕਠੋਰ ਸ਼ਬਦਾਂ ਨੂੰ ਸ਼ਾਮਲ ਕਰਨ ਅਤੇ ਇੱਕ ਰਵੱਈਆ ਅਪਨਾਉਣ ਦੇ ਲਈ ਮਜ਼ਬੂਰ ਹੋ ਗਿਆ।

**ਪੌਲੁਸ ਦੀ ਵਿਆਖਿਆ (6:12-17)**

ਗੈਰ-ਵਿਸ਼ਵਾਸੀਆਂ ਦੇ ਸਾਹਮਣੇ ਇੱਕ ਭਰਾ ਦਾ ਦੂਜੇ ਭਰਾ ਦੇ ਵਿਰੁੱਧ ਨਾਲਸ਼ ਕਰਨ ਦੀ ਰੀਤ ਪੌਲੁਸ ਦੀ ਨਰਾਜ਼ਗੀ ਉਸ ਨੂੰ ਬੁਰਿਆਈ ਤੇ ਜ਼ਿਆਦਾ ਆਮ ਚਰਚਾ ਵਿੱਚ ਲੈ ਗਈ। ਜਿਹੜੇ ਕਾਨੂੰਨ ਦੇ ਮਾਮਲਿਆਂ ਵਿੱਚ ਅਨਿਆਂ ਕਰ ਰਹੇ ਸਨ ਪੌਲੁਸ ਨੇ ਉਨ੍ਹਾਂ ਨੂੰ ਹਰਾਮਕਾਰਾਂ, ਮੂਰਤੀਪੂਜਕਾਂ, ਲੁਟੇਰਿਆਂ ਅਤੇ ਜ਼ਨਾਹਕਾਰਾਂ ਵਿੱਚ ਰੱਖਿਆ (6:9, 10)। ਪਰਮੇਸ਼ੁਰ ਦਾ ਨਿਆਂ ਉਨ੍ਹਾਂ ਦੀ ਉਡੀਕ ਕਰ ਰਿਹਾ ਹੈ ਜਿਹੜੇ ਅਜਿਹਿਆਂ ਕੰਮਾਂ ਵਿੱਚ ਸ਼ਾਮਲ ਹੁੰਦੇ ਹਨ; ਉਨ੍ਹਾਂ ਦਾ ਪਰਮੇਸ਼ੁਰ ਦੇ ਰਾਜ ਵਿੱਚ ਕੋਈ ਸਥਾਨ ਨਹੀਂ ਹੈ। ਕੁਰਿੰਥੁਸ ਦੇ ਕੁਝ ਮਸੀਹੀ ਲੋਕ ਬੀਤੇ ਸਮੇਂ ਵਿੱਚ ਅਜਿਹੀ ਅੱਯਾਸ਼ੀ ਵਿੱਚ ਲਿਪਤ ਸਨ; ਪਰ ਉਹ ਧੋਤੇ ਗਏ ਸਨ, ਪਵਿੱਤਰ ਕੀਤੇ ਗਏ ਸਨ ਅਤੇ ਧਰਮੀ ਠਹਿਰਾਏ ਗਏ ਸਨ।

ਯੂਨਾਨੀ-ਰੋਮੀ ਸੰਸਾਰ ਦੀ ਚਿੱਤਰ-ਕਲਾ ਯੌਨ ਦੇ ਲਈ ਲੋਕਾਂ ਦੇ ਜਨੂਨ ਨੂੰ ਪਰਗਟ ਕਰਦੀ ਸੀ। ਪੁਰਾਤੱਤਵ ਵਿਗਿਆਨੀਆਂ ਦੁਆਰਾ ਕੀਤੀ ਗਈ ਖੋਜ ਵਿੱਚ ਕਲਾਕ੍ਰਿਤੀਆਂ, ਫੁੱਲਦਾਨ ਚਿੱਤਰਕਾਰੀ ਅਤੇ ਸਾਹਿਤ ਇਸੇ ਗੱਲ ਦੀ ਗਵਾਹੀ ਦਿੰਦੇ ਹਨ। ਉਹ ਸਮੇਂ ਵਿੱਚ ਜੋ ਲੋਕ ਰਹਿੰਦੇ ਸਨ ਇਸ ਮਾਮਲੇ ਵਿੱਚ ਅਨੋਖੇ ਨਹੀਂ ਸਨ, ਪਰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਦੂਜਿਆਂ ਨਾਲੋਂ ਜ਼ਿਆਦਾ ਇਤਹਾਸਕ ਸਮਾਂ ਯੌਨ ਵਿੱਚ ਲਿਪਤ ਹੋਣ ਨੂੰ ਦਿੱਤਾ ਗਿਆ ਸੀ। ਆਧੁਨਿਕ ਪੱਛਮੀ ਸੰਸਾਰ ਵਿੱਚ ਪ੍ਰਾਚੀਨ ਯੂਨਾਨੀ-ਰੋਮੀ ਸੰਸਾਰ ਵਰਗੇ ਯੌਨ ਕੰਮ ਹੁੰਦੇ ਹਨ। ਪੌਲੁਸ ਨੇ ਹਰਾਮਕਾਰੀ ਨੂੰ ਇਸ ਲਈ ਸੰਬੋਧਿਤ ਨਹੀਂ ਸੀ ਕੀਤਾ ਕਿਉਂਕਿ ਇਹ ਦੂਜੇ ਪਾਪਾਂ ਨਾਲੋਂ ਜ਼ਿਆਦਾ ਘਿਣਾਉਣੀ ਸੀ, ਪਰ ਇਸ ਲਈ ਕਿਉਂਕਿ ਇਹ ਉਸ ਸੱਭਿਆਚਾਰ ਵਿੱਚ ਬਹੁਤ ਜ਼ਿਆਦਾ ਫੈਲੀ ਹੋਈ ਸੀ ਅਤੇ ਇਸ ਲਈ ਕਿਉਂਕਿ ਇਹ ਸਮਾਜ ਦੇ ਲਈ ਅਤੇ ਲੋਕਾਂ ਦੀ ਸੁੱਖ ਸਲਾਮਤੀ ਦੇ ਲਈ ਬਹੁਤ ਹੀ ਜ਼ਿਆਦਾ ਵਿਨਾਸ਼ਕਾਰੀ ਸੀ।

**[12]ਸਾਰੀਆਂ ਵਸਤਾਂ ਮੇਰੇ ਲਈ ਉਚਿਤ ਹਨ ਪਰੰਤੂ ਸੱਭੇ ਲਾਭਦਾਇਕ ਨਹੀਂ। ਸਾਰੀਆਂ ਵਸਤਾਂ ਮੇਰੇ ਲਈ ਉਚਿਤ ਹਨ ਪਰ ਮੈਂ ਕਿਸੇ ਵਸਤ ਦੇ ਅਧੀਨ ਨਹੀਂ ਹੋਵਾਂਗਾ। [13]ਭੋਜਨ ਪੇਟ ਦੇ ਲਈ ਅਤੇ ਪੇਟ ਭੋਜਨਾਂ ਦੇ ਲਈ ਪਰੰਤੂ ਪਰਮੇਸ਼ੁਰ ਉਹ ਦਾ ਨਾਲੇ ਇਨ੍ਹਾਂ ਦਾ ਨਾਸ ਕਰੇਗਾ ਪਰ ਸਰੀਰ ਹਰਾਮਕਾਰੀ ਦੇ ਲਈ ਨਹੀਂ ਸਗੋਂ ਪ੍ਰਭੂ ਦੇ ਲਈ ਹੈ ਅਤੇ ਪ੍ਰਭੂ ਸਰੀਰ ਦੇ ਲਈ। [14]ਅਤੇ ਪਰਮੇਸ਼ੁਰ ਨੇ ਨਾਲੇ ਪ੍ਰਭੂ ਨੂੰ ਜਿਵਾ ਕੇ ਉਠਾਇਆ, ਨਾਲੇ ਸਾਨੂੰ ਆਪਣੀ ਸਮਰੱਥਾ ਨਾਲ ਜਿਵਾ ਕੇ ਉਠਾਇਆ। [15]ਕੀ ਤੁਸੀਂ ਇਹ ਨਹੀਂ ਜਾਣਦੇ ਭਈ ਤੁਹਾਡੇ ਸਰੀਰ ਮਸੀਹ ਦੇ ਅੰਗ ਹਨ? ਸੋ ਕੀ ਮੈਂ ਮਸੀਹ ਦੇ ਅੰਗ ਲੈ ਕੇ ਕੰਜਰੀ ਦੇ ਅੰਗ ਬਣਾਵਾਂ? ਕਦੇ ਨਹੀਂ! [16]ਅਥਵਾ, ਕੀ ਤੁਸੀਂ ਇਹ ਨਹੀਂ ਜਾਣਦੇ ਭਈ ਜੋ ਕੋਈ ਕੰਜਰੀ ਨਾਲ ਸੰਗ ਕਰਦਾ ਹੈ ਸੋ ਉਹ ਦੇ ਨਾਲ ਇੱਕ ਦੇਹੀ ਹੈ? ਕਿਉਂ ਜੋ ਉਹ ਆਖਦਾ ਹੈ ਭਈ ਓਹ ਦੋਵੇਂ ਇੱਕ ਸਰੀਰ ਹੋਣਗੇ। [17]ਪਰ ਜੋ ਕੋਈ ਪ੍ਰਭੂ ਨਾਲ ਮਿਲਿਆ ਹੋਇਆ ਹੈ ਸੋ ਉਹ ਦੇ ਨਾਲ ਇੱਕ ਆਤਮਾ ਹੈ।**

**ਆਇਤਾਂ 12, 13.** ਰਸੂਲ ਦੀ ਇਹ ਟਿੱਪਣੀ ਕਿ ਮਸੀਹੀ ਲੋਕ ਧੋਤੇ ਗਏ ਅਤੇ ਪਵਿੱਤਰ ਕੀਤੇ ਗਏ ਹਨ ਉਸ ਨੂੰ ਉਨ੍ਹਾਂ ਦਾ ਵਿਰੋਧ ਕਰਨ ਵੱਲ ਲੈ ਗਈ ਜਿਹੜੇ ਗੈਰ-ਯਹੂਦੀ ਸਮਾਜ ਵਿੱਚ ਹਰਾਮਕਾਰੀ ਦਾ ਅਨੰਦ ਮਨਾਉਣ ਦੀ ਇੱਛਾ ਰੱਖਦੇ ਸਨ। ਵਿਰੋਧ ਵਿੱਚ ਉਸ ਦੀ ਸ਼ੁਰੂਆਤੀ ਗੱਲ ਨੂੰ ਜੋ ਕਿ **ਸਾਰੀਆਂ ਵਸਤਾਂ ਮੇਰੇ ਲਈ ਉਚਿਤ ਹਨ**, ਇੱਕ

ਸੁਭਾਵਕ ਐਲਾਨ ਦੇ ਰੂਪ ਵਿੱਚ ਸਮਝਣਾ ਮੁਸ਼ਕਲ ਹੋਵੇਗਾ। ਅਜਿਹੀ ਛੂਟ ਪੌਲੁਸ ਦੇ ਵਿਸ਼ੇ ਦਾ ਸਮਰਥਨ ਨਹੀਂ ਕਰੇਗੀ। ਕੁਝ ਅਨੁਵਾਦ, ਜਿਵੇਂ NRSV ਅਤੇ NIV (2011) ਇਸ ਵਾਕ ਨੂੰ ਆਇਤ 12 ਵਿੱਚ ਲਿਖਦੇ ਹਨ ਅਤੇ 13 ਆਇਤ ਵਿੱਚ ਇੱਕ ਹੋਰ ਵਾਕ ਹਵਾਲਾ ਅੰਕ ਵਿੱਚ ਲਿਖਦੇ ਹਨ। ਇਸ ਤਰ੍ਹਾਂ ਕਰਕੇ, ਅਨੁਵਾਦਕਾਂ ਨੇ ਆਪਣੀ ਰਾਇ ਵਿਅਕਤ ਕੀਤੀ ਕਿ ਰਸੂਲ ਉਨ੍ਹਾਂ ਦੁਆਰਾ ਵਰਤੇ ਗਏ ਨਾਅਰਿਆਂ ਦਾ ਹਵਾਲਾ ਦੇ ਰਿਹਾ ਸੀ ਜਿਨ੍ਹਾਂ ਨੇ ਹਰਾਮਕਾਰੀ ਦਾ ਬਚਾਅ ਕੀਤਾ ਸੀ।

ਪੌਲੁਸ ਨੇ ਉਨ੍ਹਾਂ ਦੇ ਨਾਅਰੇ ਦਾ ਹਵਾਲਾ ਦਿੰਦਿਆਂ ਉਨ੍ਹਾਂ ਦੇ ਅਸੰਜਮ ਦਾ ਜਵਾਬ ਦਿੱਤਾ ਪਰ ਫਿਰ ਇਸ ਗਲਤੀ ਨੂੰ ਪ੍ਰਦਰਸ਼ਿਤ ਕੀਤਾ: **ਸੱਭੇ ਲਾਭਦਾਇਕ ਨਹੀਂ**। ਉਸ ਨੇ ਪਹਿਲਾਂ ਵੀ ਲਿਖਿਆ ਸੀ ਕਿ "ਅਜ਼ਾਦੀ ਲਈ ਮਸੀਹ ਨੇ ਸਾਨੂੰ ਅਜ਼ਾਦ ਕੀਤਾ" (ਗਲਾਤੀਆਂ 5:1)। ਸੱਚਮੁੱਚ, ਇੱਕ ਭਾਵ ਵਿੱਚ, ਇੱਕ ਮਸੀਹੀ ਵਿਅਕਤੀ ਦੇ ਲਈ "ਸਾਰੀਆਂ ਵਸਤਾਂ ਉਚਿਤ ਹਨ"; ਪਰ ਮਸੀਹ ਦਾ ਚੇਲਾ ਉਚਿਤ ਨਾਲੋਂ ਵੀ ਜ਼ਿਆਦਾ ਦਾ ਫਿਕਰਮੰਦ ਹੈ। ਉਹ ਅਜਿਹਾ ਕੰਮ ਕਰਨਾ ਚਾਹੁੰਦਾ ਹੈ ਜੋ ਲਾਭਦਾਇਕ ਹੈ, ਜਿਹੜਾ ਕਿਸੇ ਨੂੰ ਉਸਾਰਦਾ, ਜੋ ਕਿਸੇ ਦੇ ਜੀਵਨ ਨੂੰ ਸੰਪੰਨ ਬਣਾਉਂਦਾ ਹੈ। ਇਹ ਸਵੀਕਾਰ ਕੀਤੇ ਬਿਨਾਂ ਕਿ ਹਰਾਮਕਾਰੀ ਉਚਿਤ ਹੈ, ਪੌਲੁਸ ਨੇ ਇਸ਼ਾਰਾ ਕੀਤਾ ਕਿ ਜੇਕਰ ਇਹ ਉਚਿਤ ਹੈ, ਇਹ ਲਾਭਦਾਇਕ ਨਹੀਂ ਹੋਵੇਗੀ। ਮਸੀਹੀ ਆਗਿਆਕਾਰੀ ਦੇ ਸੁਭਾਅ ਨੂੰ ਵੇਖਦੇ ਹੋਏ, ਜੇਕਰ ਵਿਹਾਰ ਲਾਭਦਾਇਕਤਾ ਦੀ ਪਰੀਖਿਆ ਪਾਸ ਨਹੀਂ ਕਰਦਾ, ਤਾਂ ਫਿਰ ਇਹ ਉਚਿਤ ਨਹੀਂ ਹੈ। ਬੇਲਾਗ ਹਰਾਮਕਾਰੀ, ਦੂਜੇ ਪਾਪਾਂ ਦੇ ਵਾਂਗ, ਇੱਕ ਤਰੀਕੇ ਨਾਲ ਵਿਅਕਤੀ ਨੂੰ ਆਪਣੇ ਵੱਸ ਵਿੱਚ ਕਰ ਲੈਂਦੀ ਹੈ। ਯਿਸੂ ਨੇ ਕਿਹਾ ਸੀ "ਹਰੇਕ ਜੋ ਪਾਪ ਕਰਦਾ ਹੈ ਸੋ ਪਾਪ ਦਾ ਗੁਲਾਮ ਹੈ" (ਯੂਹੰਨਾ 8:34)। ਪੌਲੁਸ ਨੇ ਐਲਾਨ ਕੀਤਾ ਸੀ, **ਮੈਂ ਕਿਸੇ ਵਸਤ ਦੇ ਅਧੀਨ ਨਹੀਂ ਹੋਵਾਂਗਾ**। ਰਸੂਲ ਦੇ ਜੀਵਨ ਦਾ ਮਾਲਕ ਮਸੀਹ ਸੀ ਅਤੇ ਉਹ ਜਾਣਦਾ ਸੀ ਕਿ ਕੋਈ ਦੋ ਮਾਲਕਾਂ ਦੀ ਸੇਵਾ ਨਹੀਂ ਕਰ ਸੱਕਦਾ (ਮੱਤੀ 6:24)।

ਇਹ ਨਾਅਰਾ ਕਿ **ਭੋਜਨ ਪੇਟ ਦੇ ਲਈ ਅਤੇ ਪੇਟ ਭੋਜਨਾਂ ਦੇ ਲਈ** ਸੱਚਮੁੱਚ ਭੋਜਨ ਬਾਰੇ ਨਹੀਂ ਸੀ। ਦਲੀਲ ਇਹ ਸੀ ਕਿ ਕਾਮੁਕ ਇੱਛਾ ਉਸੇ ਤਰੀਕੇ ਦੇ ਭਾਵ ਦੀ ਮੰਗ ਕਰਦੀ ਹੈ ਜਿਸ ਤਰੀਕੇ ਦੀ ਮੰਗ ਖਾਣ ਲਈ ਭੁੱਖ ਕਰਦੀ ਹੈ। ਕਿਉਂਕਿ ਸੰਭੋਗ ਅਤੇ ਖਾਣਾ ਦੋਵੇਂ ਸੁਭਾਵਕ ਇੱਛਾਵਾਂ ਹਨ, ਜਿਹੜਾ ਵਿਅਕਤੀ ਇਸ ਵਿੱਚ ਲਿਪਤ ਹੁੰਦਾ ਸੀ ਉਸ ਨੂੰ ਦੂਜੇ ਨਾਲੋਂ ਜ਼ਿਆਦਾ ਪਾਪੀ ਦੇ ਰੂਪ ਵਿੱਚ ਵੇਖਿਆ ਜਾਂਦਾ ਸੀ। ਪੌਲੁਸ ਸਿਰਫ ਅੱਧ ਅਧੂਰਾ ਸਹਿਮਤ ਹੋਇਆ ਸੀ: ਇਸ ਨਾਅਰੇ ਨੂੰ ਸਾਰੀ ਐਸ਼ਪ੍ਰਸਤੀ ਅਤੇ ਪਰਮੇਸ਼ੁਰ ਦੇ ਨਿਆਂ ਦੇ ਚਾਨਣ ਵਿੱਚ ਸਮਝਣ ਦੀ ਲੋੜ ਸੀ। ਭੋਜਨ ਦੇ ਲਈ ਭੁੱਖ ਪੇਟੂਪਣੇ ਦੇ ਲਈ ਲਾਇਸੈਂਸ ਨਹੀਂ ਹੈ ਅਤੇ ਸੰਭੋਗ ਲਈ ਇੱਛਾ ਹਰਾਮਕਾਰੀ ਦੇ ਲਈ ਲਾਇਸੈਂਸ ਨਹੀਂ ਹੈ। ਪਰਮੇਸ਼ੁਰ ਨੇ ਸੰਜਮ ਨਾਲ ਦੋਵਾਂ ਭੁੱਖਾਂ ਨੂੰ ਮਿਟਾਉਣ ਦਾ ਇੰਤਜ਼ਾਮ ਕੀਤਾ ਹੈ। ਸਰੀਰ ਅਤੇ ਇਸ ਦੀ ਭੁੱਖ ਪ੍ਰਭੂ ਦੇ ਹਨ। ਮਸੀਹੀ ਵਿਅਕਤੀ ਨੇ ਪਰਮੇਸ਼ੁਰ ਦੀ ਸਿੱਖਿਆ ਦੇ ਸੰਦਰਭ ਵਿੱਚ ਉਨ੍ਹਾਂ ਨੂੰ ਨਿਯੰਤਰਿਤ ਕਰਨਾ ਹੈ। ਨਾਅਰੇ ਓਨਾ ਜ਼ਿਆਦਾ ਜ਼ਨਾਹਕਾਰੀ ਦੇ ਲਈ ਪ੍ਰੇਰਣਾ ਨਹੀਂ ਹਨ ਜਿੰਨਾ ਕਿ ਉਹ ਉਸ ਰੀਤ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਕਰਦੇ ਹਨ ਜੋ ਇਨ੍ਹਾਂ ਭਰਾਵਾਂ ਨੇ ਆਪਣੇ ਪੁਰਾਣੇ ਮੂਰਤੀਪੂਜਕ ਜੀਵਨਾਂ ਨਾਲ ਕੀਤੀ ਸੀ।

**ਆਇਤ 14.** ਨਵੇਂ ਨੇਮ ਵਿੱਚ ਐਸਕਾਟੋਲੋਜੀ (ਪ੍ਰਭੂ ਦੇ ਦੁਬਾਰਾ ਆਉਣ, ਨਿਆਂ ਅਤੇ ਅੰਤ ਦੇ ਸਮਿਆਂ ਬਾਰੇ ਸਿੱਖਿਆ) ਮਸੀਹੀ ਲੋਕਾਂ ਨੂੰ ਧਰਮੀ ਜੀਵਨ ਜੀਉਣ ਦੀ ਨਸੀਹਤ

ਦਿੰਦੀ ਹੈ। 2 ਪਤਰਸ 3:10-12 ਵਿੱਚ ਪਤਰਸ ਨੇ "ਪ੍ਰਭੂ ਦੇ ਦਿਨ" ਦੇ ਬਾਰੇ ਆਪਣੇ ਵਰਣਨ ਨੂੰ ਇਹ ਕਹਿੰਦੇ ਹੋਏ ਖਤਮ ਕੀਤਾ, "ਜਦੋਂ ਏਹ ਸੱਭੇ ਵਸਤਾਂ ਇਉਂ ਢਲ ਜਾਣ ਵਾਲੀਆਂ ਹਨ ਤਾਂ ਤੁਹਾਨੂੰ ਹਰ ਪਰਕਾਰ ਦੇ ਪਵਿੱਤਰ ਚਲਣ ਅਤੇ ਭਗਤੀ ਵਿੱਚ ਕੇਹੋ ਜੇਹੇ ਹੋਣਾ ਚਾਹੀਦਾ ਹੈ . . .!" ਉਸੇ ਤਰ੍ਹਾਂ, ਉਸ ਤੋਂ ਬਾਅਦ ਪੌਲੁਸ ਨੇ ਆਪਣੇ ਪਾਠਕਾਂ ਦਾ ਧਿਆਨ ਨਿਆਉਂ ਦੇ ਦਿਨ ਵੱਲ ਲਗਾਉਂਦੇ ਹੋਏ ਇਹ ਤਾਕੀਦ ਕੀਤੀ ਕਿ ਸਰੀਰ ਪ੍ਰਭੂ ਦੇ ਲਈ ਅਤੇ ਪ੍ਰਭੂ ਸਰੀਰ ਦੇ ਲਈ ਹੈ: ਅਤੇ ਪਰਮੇਸ਼ੁਰ ਨੇ ਨਾਲੇ ਪ੍ਰਭੂ ਨੂੰ ਜਿਵਾ ਕੇ ਉਠਾਇਆ, ਨਾਲੇ ਸਾਨੂੰ ਆਪਣੀ ਸਮਰੱਥਾ ਨਾਲ ਜਿਵਾ ਕੇ ਉਠਾਏਗਾ। ਜਦੋਂ ਉਹ ਸਾਰੀ ਮਨੁੱਖਜਾਤੀ ਨੂੰ ਜਿਵਾ ਕੇ ਉਠਾਏਗਾ, ਹਰ ਕੋਈ "ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਵੇਗਾ" (2 ਕੁਰਿੰਥੀਆਂ 5:10)। ਆਪਣੇ ਗੁਆਂਢੀ ਦੀ ਕੀਮਤ ਅਤੇ ਐਸ਼ਪ੍ਰਸਤੀ ਭੁੱਖ ਦੀ ਤ੍ਰਿਪਤੀ ਨਾਲੋਂ ਵੀ ਵੱਧ ਚਿੰਤਾ ਦਾ ਵਿਸ਼ਾ ਹੈ। ਇਹ ਪਰਮੇਸ਼ੁਰ ਦੀ ਸਦੀਪਕ ਯੋਜਨਾ ਦੇ ਵਿਰੁੱਧ ਹੈ।

**ਆਇਤ 15.** ਜੇਕਰ ਪੌਲੁਸ ਦੀਆਂ ਚਿਤਾਵਨੀਆਂ ਕੁਰਿੰਥੁਸ ਦੇ ਮਸੀਹੀ ਲੋਕਾਂ ਵਿੱਚ ਆਤਮਿਕ ਕਮੀ ਦਾ ਕੋਈ ਸੰਕੇਤ ਹਨ, ਤਾਂ ਇਹ ਕਹਿਣਾ ਸੁਰੱਖਿਅਤ ਹੈ ਕਿ ਉਨ੍ਹਾਂ ਵਿੱਚੋਂ ਕੁਝ ਨੇ ਵੇਸਵਾਪਣ ਕੀਤਾ ਅਤੇ ਇਸ ਦੀ ਵਰਤੋਂ ਦਾ ਬਚਾਅ ਵੀ ਕੀਤਾ। ਕੁਰਿੰਥੁਸ ਵਪਾਰ ਅਤੇ ਪ੍ਰਸਿੱਧ ਫਿਲਾਸਫੀ ਦਾ ਇੱਕ ਚੌਰਾਹਾ ਸੀ। ਵੇਸਵਾਪਣ ਦੂਜੇ ਸ਼ਹਿਰਾਂ ਦੇ ਮੁਕਾਬਲੇ ਕੁਰਿੰਥੁਸ ਵਰਗੇ ਵਪਾਰਕ ਕੇਂਦਰ ਵਿੱਚ ਕੁਝ ਜ਼ਿਆਦਾ ਹੀ ਆਮ ਹੋਵੇਗਾ, ਪਰ ਹਰ ਯੂਨਾਨੀ ਸ਼ਹਿਰ ਵਿੱਚ ਮਨੁੱਖੀ ਜਿਸਮ ਦੀ ਖਰੀਦੋ-ਫਰੋਖਤ ਵਾਲਾ ਇੱਕ ਬਜ਼ਾਰ ਹੁੰਦਾ ਸੀ। ਸਿਰਫ ਨਦਾਨ ਹੀ ਅੱਜ ਦੇ ਸੰਸਾਰ ਵਿੱਚ ਇਸ ਨੂੰ ਕੋਈ ਘੱਟ ਪ੍ਰਸਿੱਧ ਰੀਤ ਮੰਨਣਗੇ।

ਜਦਕਿ ਰਸੂਲ ਨੇ ਉਨ੍ਹਾਂ ਦੇ ਨਾਹਰਿਆਂ ਨੂੰ ਖਾਰਜ ਕਰ ਦਿੱਤਾ ਸੀ ਜਿਨ੍ਹਾਂ ਨੇ ਵਪਾਰਕ ਸੰਭੋਗ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਕੀਤੀ ਸੀ, ਉਸ ਨੇ ਅੱਗੇ ਇਹ ਦਲੀਲ ਦਿੱਤੀ ਕਿ ਇਹ ਪ੍ਰਭੂ ਦੇ ਲੋਕਾਂ ਦੇ ਲਈ ਸਹੀ ਠਹਿਰਾਏ ਜਾਣ ਵਿੱਚ ਅਸਮਰੱਥ ਹੈ। ਮਸੀਹੀ ਲੋਕ ਮੁਕਤੀਦਾਤਾ ਨਾਲ ਏਕਤਾ ਦੇ ਸਹਿਭਾਗੀ ਹਨ ਜਿਸ ਨੇ ਆਪਣੇ ਲੋਕਾਂ ਨੂੰ ਪਾਪ ਤੋਂ ਬਚਾਇਆ ਹੈ। ਰਸੂਲ ਨੇ ਸਰੀਰ ਅਤੇ ਆਤਮਾ ਨੂੰ ਇੱਕ ਇਕਾਈ ਦੇ ਰੂਪ ਵਿੱਚ ਵੇਖਿਆ। **ਤੁਹਾਡੇ ਸਰੀਰ**, ਰਸੂਲ ਨੇ ਐਲਾਨ ਕੀਤਾ, ਨਾ ਕਿ "ਤੁਹਾਡੀਆਂ ਆਤਮਾਵਾਂ," ਜਿਵੇਂ ਕਿ ਇੱਕ ਵਿਅਕਤੀ ਦਾ ਆਤਮਾ ਕੋਈ ਵੱਖਰੀ ਸ਼ਖਸੀਅਤ ਹੈ **ਮਸੀਹ ਦੇ ਅੰਗ ਹਨ**। ਇੱਕ ਵਿਅਕਤੀ ਜੋ ਕਰਦਾ ਹੈ, ਭਾਵੇਂ ਉਹ ਚੰਗਾ ਹੋਵੇ ਜਾਂ ਬੁਰਾ, ਮਸੀਹ ਦਾ ਸਰੀਰ ਕਰ ਰਿਹਾ ਹੁੰਦਾ ਹੈ। ਇਸੇ ਪੱਤ੍ਰੀ ਵਿੱਚ ਅੱਗੇ ਜਾ ਕੇ, ਪੌਲੁਸ ਨੇ ਲਿਖਿਆ, "ਹੁਣ ਤੁਸੀਂ ਰਲ ਕੇ ਮਸੀਹ ਦੇ ਸਰੀਰ ਹੋ ਅਤੇ ਇੱਕ ਇੱਕ ਕਰਕੇ ਉਹ ਦੇ ਅੰਗ ਹੋ" (12:27)। ਭਰਾ ਅਤੇ ਭੈਣਾਂ ਵਿਅਕਤੀਗਤ ਵਿਹਾਰ ਦੇ ਸਹਿਭਾਗੀ ਹਨ ; ਇਸੇ ਤਰੀਕੇ ਨਾਲ ਪ੍ਰਭੂ ਨੇ ਕਲੀਸਿਆ ਨੂੰ ਬਣਾਇਆ ਹੈ। 6:15 ਵਿੱਚ ਅਲੰਕਾਰਕ ਸਵਾਲ ਵਿੱਚ, ਪੌਲੁਸ ਵਪਾਰਕ ਯੌਨ ਦੇ ਵੱਡੇ ਪ੍ਰਭਾਵ ਤੇ ਧਿਆਨ ਕੇਂਦਰਿਤ ਕਰ ਰਿਹਾ ਸੀ: **ਸੋ ਕੀ ਮੈਂ ਮਸੀਹ ਦੇ ਅੰਗ ਲੈ ਕੇ ਕੰਜਰੀ ਦੇ ਅੰਗ ਬਣਾਵਾਂ?** ਇਹ ਸਵਾਲ ਆਪਣੇ ਆਪ ਵਿੱਚ ਹੀ ਨਰਾਜ਼ਗੀ ਹੈ। ਰਸੂਲ ਨੇ ਜਵਾਬ ਦਿੱਤਾ, **ਕਦੇ ਨਹੀਂ** [μὴ γένοιτο, *ਮੀ ਜੀਨੋਇਟੋ*]! ਇੱਕ ਮਸੀਹੀ ਵਿਅਕਤੀ ਦੇ ਲਈ, ਨੈਤਿਕ ਚੋਣਾਂ ਕਦੇ ਵੀ ਖੁਦ ਇਕੱਲੇ ਬਾਰੇ ਨਹੀਂ ਹੁੰਦੀਆਂ। ਹਰ ਵਿਅਕਤੀ ਦਾ ਵਿਹਾਰ ਸਭਨਾਂ ਤੱਕ ਫੈਲਦਾ ਹੈ।

**ਆਇਤ 16.** ਇੱਕ ਵਿਅਕਤੀ ਜੋ ਕਰਦਾ ਹੈ ਉਸ ਦਾ ਅਸਰ ਸਮੁੱਚੀ ਸ਼ਖਸੀਅਤ ਤੇ ਪੈਂਦਾ ਹੈ। ਜਿਵੇਂ ਬਪਤਿਸਮੇ ਦੇ ਸਰੀਰਕ ਕਾਰਜ ਨੂੰ ਆਤਮਿਕ ਨਿਹਚਾ ਅਤੇ ਮਸੀਹ ਪ੍ਰਤੀ

ਅਧੀਨਗੀ ਤੋਂ ਅੱਡ ਨਹੀਂ ਕੀਤਾ ਜਾ ਸਕਦਾ, ਉਸੇ ਤਰ੍ਹਾਂ ਸਰੀਰ ਵਿੱਚ ਕੀਤੇ ਗਏ ਕੰਮਾਂ ਨੂੰ ਮਸੀਹ ਨਾਲ ਵਿਅਕਤੀ ਦੇ ਆਤਮਿਕ ਮਿਲਾਪ ਤੋਂ ਅੱਡ ਨਹੀਂ ਕੀਤਾ ਜਾ ਸਕਦਾ। ਪੌਲੁਸ ਨੇ ਪੁੱਛਿਆ, **ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ ਜੋ ਕੋਈ ਕੰਜਰੀ ਨਾਲ ਸੰਗ ਕਰਦਾ ਹੈ ਸੋ ਉਹ ਦੇ ਨਾਲ ਇੱਕ ਦੇਹੀ ਹੈ?** ਮਸੀਹੀ ਵਿਅਕਤੀ ਦੀ ਦੇਹ ਵਿਸ਼ਵਾਸੀਆਂ ਦੇ ਸਮਾਜ ਦੇ ਪ੍ਰਤੀ ਸਮਰਪਿਤ ਹੈ ਅਤੇ ਮਸੀਹੀ ਲੋਕ ਰਲ ਕੇ ਮਸੀਹ ਦੀ ਦੇਹ ਹਨ।

> ਕੁਰਿੰਥੁਸ ਦੇ ਲੋਕਾਂ ਨੂੰ ਜੋ ਉਹ ਯਾਦ ਕਰਵਾ ਰਿਹਾ ਸੀ ਉਹ ਇਹ ਸੀ ਕਿ ਉਹ *ਆਪ* ("ਸਾਨੂੰ" – 6:14) ਮਸੀਹ ਦੇ ਅੰਗ ਸਨ – ਪਰ ਉਹ ਆਪ ਠੀਕ ਮਨੁੱਖੀ ਅਵਤਾਰ ਵਿੱਚ ਸਨ, ਜਿਨ੍ਹਾਂ ਦੇ ਸਰੀਰਕ ਪੇਸ਼ੇ ਉਨ੍ਹਾਂ ਦੇ ਸਮਰਪਣ ਅਤੇ ਚੇਲੇਪਣ ਦੇ ਗੁਣ ਅਤੇ ਚਰਿੱਤਰ ਵੱਲ ਇਸ਼ਾਰਾ ਕਰਦੇ ਸਨ।[17]

6:16 ਵਿੱਚ ਪੌਲੁਸ ਨੇ ਦਲੀਲ ਦਿੱਤੀ ਕਿ ਹਰਾਮਕਾਰੀ ਨਿਰਾ ਸਰੀਰਕ ਕਾਰਜ ਨਹੀਂ ਹੈ। ਉਸ ਨੇ ਉਤਪਤ 2:24 ਦਾ ਹਵਾਲਾ ਦਿੱਤਾ: **"ਓਹ ਇੱਕ ਸਰੀਰ ਹੋਣਗੇ।"** ਕੰਜਰੀ ਨਾਲ ਸੰਗ ਕਰਨਾ ਉਸ ਵਿਅਕਤੀ ਦੀ ਸ਼ਖਸੀਅਤ ਨੂੰ ਕਲੰਕ ਲਗਾ ਦਿੰਦਾ ਹੈ ਜਿਹੜਾ ਪਾਪ ਕਰਦਾ ਹੈ। ਕੰਜਰੀ ਦੇ ਨਾਲ ਯੌਨ ਸੰਬੰਧ ਰੱਖਣਾ ਮਸੀਹ ਦੀ ਦੇਹ ਨੂੰ ਹਰਾਮਕਾਰੀ ਨਾਲ ਜੋੜਨਾ ਹੈ। ਪੌਲੁਸ ਕਾਲਪਨਿਕ ਰੂਪ ਵਿੱਚ ਗੱਲ ਨਹੀਂ ਸੀ ਕਰ ਰਿਹਾ; ਕੰਜਰੀਪੁਣਾ ਯੂਨਾਨੀ ਸ਼ਹਿਰਾਂ ਦੇ ਸਮਾਜਕ ਅਤੇ ਸਗੋਂ ਧਾਰਮਿਕ ਜੀਵਨ ਵਿੱਚ ਗਹਿਰਾਈ ਨਾਲ ਸਮਾਇਆ ਹੋਇਆ ਸੀ। ਅੱਜ ਕੁਝ ਲੋਕ ਅਜਿਹੇ ਕੰਮਾਂ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਕਰਦੇ ਹਨ ਜੋ ਲੋਕਾਂ ਨੂੰ ਵਹਿਸ਼ੀ ਬਣਾ ਦਿੰਦੇ ਹਨ ਅਤੇ ਇੱਕ ਵਿਅਕਤੀ ਨੂੰ ਦੂਜੇ ਵਿਅਕਤੀ ਦੀ ਸਰੀਰਕ ਸੰਤੁਸ਼ਟੀ ਦੀ ਵਸਤੂ ਬਣਾਉਂਦੇ ਹਨ, ਪਰ ਅਜਿਹਾ ਕੋਈ ਵੀ ਜਤਨ ਬਾਈਬਲ ਦੀ ਸਿੱਖਿਆ ਨੂੰ ਕਮਜ਼ੋਰ ਬਣਾ ਦਿੰਦਾ ਹੈ। "ਆਮ ਸੰਭੋਗ ਵਰਗੀ ਕੋਈ ਚੀਜ਼ ਨਹੀਂ ਹੈ ਜਿਸ ਦੇ ਸਥਾਈ ਪਰਿਣਾਮ ਨਾ ਹੋਣ, ਸਗੋਂ ਉਦੋਂ ਵੀ ਜਦੋਂ ਪਤੀ ਪਤਨੀ ਦਾ ਆਪਸੀ ਸੰਬੰਧ ਬਣਾਉਣ ਦਾ ਇਰਾਦਾ ਨਹੀਂ ਹੁੰਦਾ।"[18] ਕੀ ਇਹ ਭਰਾ "ਨਹੀਂ ਸੀ ਜਾਣਦੇ" ਕਿ ਉਹ ਮਸੀਹ ਦੀ ਦੇਹ ਹਨ ਅਤੇ ਉਨ੍ਹਾਂ ਨੂੰ ਆਪਣੇ ਆਪ ਨੂੰ ਸ਼ੁੱਧ ਰੱਖਣ ਦੀ ਲੋੜ ਸੀ? ਬੇਸ਼ੱਕ ਉਹ ਜਾਣਦੇ ਸਨ!

**ਆਇਤ 17.** ਪੌਲੁਸ ਨੇ ਇੱਕ ਮਰਦ ਦੇ ਕੰਜਰੀ ਨਾਲ ਸੰਗ ਕਰਨ ਅਤੇ ਇੱਕ ਮਸੀਹੀ ਵਿਅਕਤੀ ਵੱਲੋਂ ਮਸੀਹ ਦਾ ਸੰਗੀ ਬਣਨ ਬਾਰੇ ਨਿਰਦੇਸ਼ ਦੇਣ ਦੇ ਲਈ ਇੱਕੋ ਸ਼ਬਦ (κολλάομαι, *ਕੋਲਾਓਮਾਈ*) ਦੀ ਵਰਤੋਂ ਕੀਤੀ। ਉਸ ਮਨੁੱਖ ਦੇ ਲਈ ਜਿਹੜਾ ਪਹਿਲਾਂ ਤੋਂ ਹੀ **ਪ੍ਰਭੂ ਨਾਲ ਮਿਲਿਆ ਹੋਇਆ ਹੈ** ਕੰਜਰੀ ਨਾਲ ਸੰਗ ਕਰਨਾ ਕੁੱਲ ਮਿਲਾ ਕੇ ਮਸੀਹ ਅਤੇ ਉਸ ਦੇ ਲੋਕਾਂ ਦਾ ਮਜ਼ਾਕ ਉਡਾਉਣਾ ਹੈ। ਪ੍ਰਭੂ ਦਾ ਹੋਣਾ **ਉਸ ਦੇ ਨਾਲ ਇੱਕ ਆਤਮਾ** ਹੋਣਾ ਹੈ। ਉਸ ਤੋਂ ਬਾਅਦ ਇੱਕ ਵਿਅਕਤੀ ਦਾ ਕੰਜਰੀ ਨਾਲ ਸੰਗ ਕਰਨਾ ਮਸੀਹ ਨਾਲ ਮਿਲਾਪ ਦੀ ਏਕਤਾ ਨੂੰ ਝੂਠਾ ਠਹਿਰਾਉਣਾ ਹੈ।

### ਪੌਲੁਸ ਦੀ ਨਸੀਹਤ (6:18-20)

**[18]ਹਰਾਮਕਾਰੀ ਤੋਂ ਭੱਜੋ। ਹਰੇਕ ਮਨੁੱਖ ਜੋ ਪਾਪ ਕਰਦਾ ਹੈ ਸੋ ਸਰੀਰ ਦੇ ਬਾਹਰ ਹੈ ਪਰ ਜਿਹੜਾ ਹਰਾਮਕਾਰੀ ਕਰਦਾ ਹੈ ਉਹ ਆਪਣੇ ਹੀ ਸਰੀਰ ਦਾ ਪਾਪ ਕਰਦਾ ਹੈ। [19]ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ ਤੁਹਾਡੀ ਦੇਹੀ ਤੁਹਾਡੇ ਅੰਦਰ ਪਵਿੱਤਰ ਆਤਮਾ ਦੀ ਹੈਕਲ ਹੈ ਜਿਹੜੀ ਤੁਹਾਨੂੰ ਪਰਮੇਸ਼ੁਰ ਦੀ ਵੱਲੋਂ ਮਿਲੀ ਹੈ ਅਤੇ ਤੁਸੀਂ ਆਪਣੇ**

**ਆਪ ਦੇ ਨਹੀਂ ਹੋ? [20]ਤੁਸੀਂ ਤਾਂ ਮੁੱਲ ਨਾਲ ਲਏ ਹੋਏ ਹੋ, ਇਸ ਲਈ ਆਪਣੀ ਦੇਹੀ ਨਾਲ ਪਰਮੇਸ਼ੁਰ ਦੀ ਵਡਿਆਈ ਕਰੋ।**

**ਆਇਤ 18.** ਯੌਨ ਮਿਲਾਪ ਦੀ ਨੇੜਤਾ ਰਾਹੀਂ ਸਰੀਰ ਦੁਆਰਾ ਅਪਰਾਧ ਕਰਨਾ ਇੱਕ ਅਨੋਖੀ ਕਿਸਮ ਦਾ ਪਾਪ ਹੈ। ਆਗਿਆਸੂਚਕ ਦੀ ਵਰਤੋਂ ਕਰਦਿਆਂ ਜੋ ਵਿਆਕੁਲਤਾ ਦੇ ਨੇੜੇ ਪਹੁੰਚ ਚੁੱਕਾ ਸੀ, ਰਸੂਲ ਨੇ ਬੇਨਤੀ ਕੀਤੀ, **ਹਰਾਮਕਾਰੀ ਤੋਂ ਭੱਜੋ**। ਨਿਸ਼ਚਤ ਤੌਰ ਤੇ ਹਰਾਮਕਾਰੀ ਕਿਸੇ ਵਿਅਕਤੀ ਦਾ ਹਰਾਮਕਾਰ ਬਣਨ ਦਾ ਇਕਲੌਤਾ ਰਾਹ ਨਹੀਂ ਹੈ; ਪਰ ਪੌਲੁਸ ਨੇ ਵਿਸ਼ੇਸ਼ ਰੂਪ ਵਿੱਚ ਇਸ ਨੂੰ ਇੱਕ ਵਿਨਾਸ਼ਕਾਰੀ ਰਾਹ ਵਜੋਂ ਵੇਖਿਆ। ਬਹੁਤ ਸਾਰੇ ਪਾਪਾਂ ਵਿੱਚ ਜ਼ਨਾਹਕਾਰੀ ਇੱਕ ਅਨੋਖਾ ਪਾਪ ਹੈ ਜੋ ਮਨੁੱਖੀ ਸਰੀਰ ਤੇ ਕਬਜ਼ਾ ਕਰ ਲੈਂਦਾ ਹੈ। **ਹਰੇਕ ਮਨੁੱਖ ਜੋ ਪਾਪ ਕਰਦਾ ਹੈ,** ਪੌਲੁਸ ਨੇ ਦਲੀਲ ਦਿੱਤੀ, **ਸੋ ਸਰੀਰ ਦੇ ਬਾਹਰ ਹੈ ਪਰ ਜਿਹੜਾ ਹਰਾਮਕਾਰੀ ਕਰਦਾ ਹੈ ਉਹ ਆਪਣੇ ਹੀ ਸਰੀਰ ਦਾ ਪਾਪ ਕਰਦਾ ਹੈ**। ਨਿਰੇ ਇੱਕ ਕਾਰਜ ਤੋਂ ਵੱਧ ਕੇ, ਹਰਾਮਕਾਰੀ ਪੂਰੀ ਸ਼ਖਸੀਅਤ ਦੇ ਸ਼ਾਮਲ ਹੋਣ ਦੀ ਮੰਗ ਕਰਦੀ ਹੈ। ਤੀਜੀ ਸਦੀ ਈ. ਪੂ. ਵਿੱਚੋਂ ਇੱਕ ਯਹੂਦੀ ਦਸਤਾਵੇਜ਼ ਦੇ ਇੱਕ ਭਾਗ ਨੂੰ, ਜਿਸ ਨੂੰ "ਦ ਟੈਸਟਾਮੈਂਟ ਆਫ਼ ਸਿਮਿਓਨ, ਦ ਸੈਕੰਡ ਸੱਨ ਆਫ਼ ਜੇਕਬ ਐਂਡ ਲੀਆਹ" ਵਜੋਂ ਪਛਾਣਿਆ ਗਿਆ ਸੀ ਇਹ ਉਪਦੇਸ਼ ਦਿੰਦਾ ਸੀ, "ਆਪਣੇ ਆਪ ਨੂੰ ਹਰਾਮਕਾਰੀ ਤੋਂ ਬਚਾਓ ਕਿਉਂਕਿ ਹਰਾਮਕਾਰੀ ਸਾਰੇ ਬੁਰੇ ਕੰਮਾਂ ਦੀ ਮਾਂ ਹੈ; ਇਹ ਪਰਮੇਸ਼ੁਰ ਤੋਂ ਅੱਡ ਕਰਦੀ ਹੈ ਅਤੇ ਮਨੁੱਖਾਂ ਨੂੰ ਝੂਠਾ ਬਣਾਉਂਦੀ ਹੈ।"[19] ਪੌਲੁਸ ਨੇ ਸ਼ਾਇਦ ਪੁੱਛਿਆ ਹੋਵੇਗਾ, "ਮਨੁੱਖ ਆਪਣੀ ਦੇਹ ਤੋਂ ਇਲਾਵਾ ਕੀ ਹੈ?" ਯੌਨ ਭੁੱਖ ਦਾ ਇਲਾਜ ਕਰਨ ਦਾ ਆਮ ਤੌਰ ਤੇ ਨਤੀਜਾ ਖੁਦ ਦਾ ਵਿਨਾਸ਼ ਕਰਨਾ ਹੈ। ਟੁੱਟੇ ਹੋਏ ਪਰਿਵਾਰ ਅਤੇ ਖੇਰੂੰ-ਖੇਰੂੰ ਹੋਏ ਜੀਵਨ ਰਸੂਲ ਦੀ ਪਰਖ ਦੀ ਗਵਾਹੀ ਦਿੰਦੇ ਹਨ। ਜਿਮੀ ਐਲਨ ਨੇ ਕੁਝ ਗਿਆਨ ਸਾਂਝਾ ਕੀਤਾ ਜੋ ਵਚਨ ਵਿੱਚ ਬਾਰ-ਬਾਰ ਵੇਖਿਆ ਜਾਂਦਾ ਹੈ: "ਦੁਸ਼ਟ ਹੁਣ ਓਨਾ ਜ਼ਿਆਦਾ ਆਪਣੇ ਪਾਪ *ਲਈ ਸਜ਼ਾ* ਨਹੀਂ ਪਾਉਂਦੇ ਜਿੰਨਾ ਕਿ ਉਹ ਆਪਣੇ ਪਾਪ ਦੇ *ਦੁਆਰਾ* ਸਜ਼ਾ ਪਾਉਂਦੇ ਹਨ।"[20]

**ਆਇਤ 19.** ਜਦੋਂ ਪੌਲੁਸ ਨੇ ਲਿਖਿਆ, **ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ** . . . , ਇਸ ਦਾ ਭਾਵ ਇਹ ਸੀ ਕਿ "ਤੁਸੀਂ ਨਿਸ਼ਚਤ ਤੌਰ ਤੇ ਜਾਣਦੇ ਹੋ।" ਪਹਿਲਾਂ ਵੀ, ਪੌਲੁਸ ਨੇ ਕੁਰਿੰਥੁਸ ਦੇ ਮਸੀਹੀ ਲੋਕਾਂ ਨੂੰ ਇਹ ਚੇਤੇ ਕਰਾਉਣ ਦੁਆਰਾ ਕਲੀਸਿਆ ਵਿੱਚ ਏਕਤਾ ਬਣਾਈ ਰੱਖਣ ਦੀ ਬੇਨਤੀ ਕੀਤੀ ਸੀ ਕਿ ਉਹ ਸਭ, ਸਾਰੇ ਦੇ ਸਾਰੇ, ਪਰਮੇਸ਼ੁਰ ਦੀ ਹੈਕਲ ਸਨ (3:16, 17; ਵੇਖੋ 2 ਕੁਰਿੰਥੀਆਂ 6:16)। ਰਸੂਲ ਨੇ "ਪਰਮੇਸ਼ੁਰ ਦੀ ਹੈਕਲ" ਅਤੇ **ਪਵਿੱਤਰ ਆਤਮਾ ਦੀ ਹੈਕਲ** ਵਿੱਚ ਕੋਈ ਫ਼ਰਕ ਨਹੀਂ ਦਰਸਾਇਆ। ਇਹ ਦੋਵੇਂ ਵਾਕ ਬਦਲਣਯੋਗ ਹਨ। ਇਹ ਸਿੱਟਾ ਕਿ ਕਲੀਸਿਆ ਸਮੂਹਿਕ ਤੌਰ ਤੇ ਪਰਮੇਸ਼ੁਰ ਦੇ ਰਹਿਣ ਦਾ ਥਾਂ ਹੈ ਪਰ ਇਹ ਕਿ ਪਵਿੱਤਰ ਆਤਮਾ ਵਿਅਕਤੀਗਤ ਤੌਰ ਤੇ ਮਸੀਹੀ ਲੋਕਾਂ ਵਿੱਚ ਰਹਿੰਦਾ ਹੈ ਬੇਬੁਨਿਆਦ ਹੈ। ਸਮੂਹਿਕ ਤੌਰ ਅਤੇ ਵਿਅਕਤੀਗਤ ਤੌਰ ਤੇ, ਪਿਤਾ ਪਰਮੇਸ਼ੁਰ, ਪੁੱਤਰ ਪਰਮੇਸ਼ੁਰ ਅਤੇ ਪਵਿੱਤਰ ਆਤਮਾ ਪਰਮੇਸ਼ੁਰ ਵਿਸ਼ਵਾਸੀਆਂ ਵਿੱਚ ਰਹਿੰਦੇ ਹਨ। ਉਨ੍ਹਾਂ ਦਾ ਵਿਸ਼ਵਾਸੀ ਦੇ ਅੰਦਰ ਰਹਿਣਾ ਇਸ ਗੱਲ ਦੀ ਪੁਸ਼ਟੀ ਹੈ ਕਿ ਵਿਸ਼ਵਾਸੀ ਉਨ੍ਹਾਂ ਦੇ ਅੰਦਰ ਰਹਿਣ ਵਾਲੇ ਪ੍ਰਤੀਨਿਧੀ ਦੀ ਹਜ਼ੂਰੀ ਅਤੇ ਸ਼ਕਤੀ ਨਾਲ ਭਰਪੂਰ ਹਨ। ਭਾਵੇਂ ਇਹ ਨਿਹਚਾ (2 ਤਿਮੋਥਿਉਸ 1:5), ਪਰਮੇਸ਼ੁਰ (2 ਕੁਰਿੰਥੀਆਂ 6:16), ਆਤਮਾ (ਰੋਮੀਆਂ 8:11), ਵਚਨ (ਕੁਲੁੱਸੀਆਂ 3:16) ਜਾਂ ਮਸੀਹ (ਕੁਲੁੱਸੀਆਂ 1:17) ਦਾ ਵਾਸ ਹੋਵੇ, ਇਸ ਦੇ ਵਿੱਚ

ਵਿਆਪਕ ਪ੍ਰਭਾਵ ਦਾ ਭਾਵ ਸ਼ਾਮਲ ਹੈ।

ਵਰਤਮਾਨ ਸੰਦਰਭ ਵਿੱਚ, ਰਸੂਲ ਵਿਅਕਤੀਆਂ ਦੀ ਅਸਲੀ ਦੇਹ ਬਾਰੇ ਲਿਖ ਰਿਹਾ ਸੀ। ਉਹ ਇਹ ਵਿਖਾ ਰਿਹਾ ਸੀ ਕਿ ਇੱਕ ਵਿਅਕਤੀ ਦੇ ਸਰੀਰ ਨੂੰ ਸਰੀਰਕ ਤੌਰ ਤੇ ਕੰਜਰੀ ਦੇ ਨਾਲ ਸੰਗ ਨਹੀਂ ਕਰਨਾ ਚਾਹੀਦਾ ਹੈ। 3:16, 17 ਵਿੱਚ ਅਲੰਕਾਰ ਦੀ ਵਰਤੋਂ ਕਰਦਿਆਂ, ਪੌਲੁਸ ਨੇ ਸਮੁੱਚੀ ਕਲੀਸਿਆ ਨੂੰ ਮਸੀਹ ਦੀ ਹੈਕਲ ਦੇ ਰੂਪ ਵਿੱਚ ਪੇਸ਼ ਕੀਤਾ। 6:19 ਵਿੱਚ ਆਪਣੇ ਰੂਪਕ ਨੂੰ ਬਦਲਦਿਆਂ, ਪੌਲੁਸ ਨੇ ਵਿਅਕਤੀ ਦੀ ਦੇਹ ਨੂੰ "ਪਵਿੱਤਰ ਆਤਮਾ ਦੀ ਹੈਕਲ" ਦੱਸਿਆ।[21] ਵਿਸ਼ਵਾਸੀਆਂ ਲਈ ਵਿਅਕਤੀਗਤ ਤੌਰ ਤੇ ਅਤੇ ਇੱਕੋ ਦੇਹ ਦੇ ਰੂਪ ਵਿੱਚ ਕਲੀਸਿਆ ਦੇ ਲਈ ਪਰਮੇਸ਼ੁਰ ਦਾ ਦਾਨ ਪਵਿੱਤਰ ਆਤਮਾ ਹੈ (ਵੇਖੋ ਰਸੂਲਾਂ ਦੇ ਕਰਤੱਬ 2:38; ਗਲਾਤੀਆਂ 4:6)। ਆਤਮਾ ਦਾ ਅੰਦਰ ਵਾਸ ਕਰਨਾ ਪਰਮੇਸ਼ੁਰ ਦੀ ਮਾਲਕੀ ਦਾ ਚਿੰਨ੍ਹ ਹੈ। ਜਾਂ ਤਾਂ ਕਲੀਸਿਆ ਨੂੰ ਸਮੂਹਿਕ ਤੌਰ ਤੇ ਜਾਂ ਵਿਸ਼ਵਾਸੀ ਨੂੰ ਵਿਅਕਤੀਗਤ ਤੌਰ ਤੇ "ਪਰਮੇਸ਼ੁਰ ਦੀ ਹੈਕਲ" ਜਾਂ "ਆਤਮਾ ਦੀ ਹੈਕਲ" ਕਿਹਾ ਜਾ ਸਕਦਾ ਹੈ। ਕਿਸੇ ਵੀ ਸੂਰਤ ਵਿੱਚ, ਇੱਕ ਵਿਅਕਤੀ ਜਿਸ ਦੇ ਅੰਦਰ ਈਸ਼ਵਰ ਵਾਸ ਕਰਦਾ ਹੈ ਉਸ ਦੇ ਲਈ ਇੱਕ ਕੰਜਰੀ ਨਾਲ ਸੰਗ ਕਰਨਾ ਰਸੂਲ ਨੂੰ ਅਸੰਭਵ ਲੱਗਾ।

**ਆਇਤ 20.** ਕਲੀਸਿਆ ਵਿੱਚ ਮਸੀਹੀ ਲੋਕਾਂ ਦੀ ਸ਼ਮੂਲੀਅਤ ਦਾ ਅਰਥ ਸੀ ਕਿ ਕੁਰਿੰਥੁਸ ਵਿੱਚ ਹਰ ਮੈਂਬਰ ਦੀ ਹਰਾਮਕਾਰੀ ਜਾਂ ਭਗਤੀ ਸਮੁੱਚੀ ਮੰਡਲੀ ਦੀ ਸ਼ਰਮਿੰਦਗੀ ਜਾਂ ਮਹਿਮਾ ਦੇ ਲਈ ਸੀ। ਨਾ ਸਿਰਫ ਇਕੱਲੇ-ਇਕੱਲੇ ਮਸੀਹੀ ਲੋਕਾਂ ਦਾ ਵਿਹਾਰ ਉਸ ਪ੍ਰਭੂ ਨੂੰ ਪਰਗਟ ਕਰਦਾ ਸੀ ਜਿਨ੍ਹਾਂ ਉਨ੍ਹਾਂ ਉੱਤੇ ਰਾਜ ਕਰਦਾ ਸੀ, ਪਰ ਇੱਕ ਹੋਰ ਕਾਰਣ ਵੀ ਸੀ ਜਿਸ ਦੇ ਕਰਕੇ ਇਹ ਮਸੀਹੀ ਲੋਕ "ਹਰਾਮਕਾਰੀ ਤੋਂ ਭੱਜਣ" ਦੇ ਲਈ ਮਜ਼ਬੂਰ ਸਨ (6:18)। ਉਹ **ਮੁੱਲ ਨਾਲ ਲਏ ਹੋਏ** ਸੀ। ਸਾਡੇ ਵਾਂਗ ਉਨ੍ਹਾਂ ਦੇ ਖਰੀਦਣ ਦਾ ਮੁੱਲ ਲੇਲੇ ਦਾ ਕੀਮਤੀ ਲਹੂ ਸੀ (ਵੇਖੋ ਯੂਹੰਨਾ 1:29; 1 ਪਤਰਸ 1:18, 19)।

ਕਿਉਂਕਿ ਗੁਲਾਮੀ ਯੂਨਾਨੀ-ਰੋਮੀ ਜੀਵਨ ਦੇ ਰੋਜ਼ਾਨਾ ਦਾ ਇੱਕ ਹਿੱਸਾ ਸੀ, "ਮੁੱਲ ਨਾਲ ਲਏ ਹੋਏ ਹੋ" ਦਾ ਅਰਥ ਅੱਜ ਦੇ ਪਾਠਕਾਂ ਨਾਲੋਂ ਪੌਲੁਸ ਦੇ ਪਹਿਲੇ ਪਾਠਕਾਂ ਦੇ ਲਈ ਜ਼ਿਆਦਾ ਮਾਇਨੇ ਰੱਖਦਾ ਸੀ। ਅਸਲ ਵਿੱਚ ਕੁਰਿੰਥੁਸ ਵਿੱਚ ਕੁਝ ਮਸੀਹੀ ਲੋਕਾਂ ਨੂੰ ਦੂਜਿਆਂ ਲੋਕਾਂ ਦੁਆਰਾ ਖਰੀਦ ਕੇ ਆਪਣੇ ਗੁਲਾਮ ਬਣਾਇਆ ਗਿਆ ਸੀ (ਵੇਖੋ 7:21, 22)। "ਤੁਸੀਂ ਤਾਂ ਮੁੱਲ ਨਾਲ ਲਏ ਹੋਏ ਹੋ" ਸੂਚਕ ਆਗਿਆ ਸੂਚਕ ਲਈ ਆਧਾਰ ਪ੍ਰਦਾਨ ਕਰਦਾ ਹੈ: **ਇਸ ਲਈ ਆਪਣੀ ਦੇਹੀ ਨਾਲ ਪਰਮੇਸ਼ੁਰ ਦੀ ਵਡਿਆਈ ਕਰੋ**। ਉਨ੍ਹਾਂ ਸਭਨਾਂ ਵੱਲੋਂ ਜਿਹੜੇ ਉਸ ਦੀ ਕਿਰਪਾ ਤੇ ਭਰੋਸਾ ਰੱਖਦੇ ਹਨ ਮਸੀਹ ਦੇ ਪ੍ਰਤੀ ਉਚਿਤ ਜਵਾਬ ਦੇਹ ਅਤੇ ਆਤਮਾ ਦਾ ਆਗਿਆਕਾਰੀ ਜਵਾਬ ਹੈ।

## ਪ੍ਰਾਸੰਗਿਕਤਾ

### ਮਸੀਹੀ ਲੋਕ ਅਤੇ ਅਦਾਲਤਾਂ

ਜ਼ਿਆਦਾਤਰ ਥਾਵਾਂ ਵਿੱਚ ਸਰਕਾਰ, ਕਾਨੂੰਨ ਅਤੇ ਵਿਵਸਥਾ, ਅਦਾਲਤੀ ਪ੍ਰਣਾਲੀ ਅਤੇ ਸਮਾਜਕ ਸੰਸਥਾਵਾਂ ਅੱਜ ਕੱਲ੍ਹ ਦੇ ਸਮੇਂ ਵਿੱਚ ਉਸ ਸਮੇਂ ਨਾਲੋਂ ਬਹੁਤ ਜ਼ਿਆਦਾ ਵੱਖਰੀਆਂ ਹਨ ਜੋ ਯੂਨਾਨੀ-ਰੋਮੀ ਸੰਸਾਰ ਵਿੱਚ ਹੁੰਦੀਆਂ ਸਨ ਜਿੱਥੇ ਪੌਲੁਸ ਅਤੇ ਉਸ ਦੇ ਪਾਠਕ ਰਹਿੰਦੇ ਸਨ। ਇਸ ਲਈ, ਵੱਖ-ਵੱਖ ਸੱਭਿਆਚਾਰਾਂ ਵਿੱਚ ਇੱਕ ਭਰਾ ਦਾ ਦੂਜੇ ਭਰਾ ਦੇ

ਵਿਰੁੱਧ ਨਾਲਸ਼ ਕਰਨ ਬਾਰੇ ਪੌਲੁਸ ਦੀਆਂ ਨਸੀਹਤਾਂ ਨੂੰ ਬਦਲਣਾ ਮੁਸ਼ਕਲ ਹੈ। ਪੌਲੁਸ ਦੇ ਸ਼ਬਦਾਂ ਨੂੰ ਬੜੀ ਸਾਵਧਾਨੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਕਾਨੂੰਨੀ ਝਗੜਿਆਂ ਵਿੱਚ ਇੱਕ ਪੱਖ ਸ਼ਾਮਲ ਹੋ ਸਕਦਾ ਹੈ ਜਿਹੜਾ ਦੂਜੇ ਦੀ ਜਾਇਦਾਦ ਜਾਂ ਹੱਕਾਂ ਦਾ ਦਾਅਵਾ ਕਰਨ ਦੇ ਲਈ ਬਾਰੀਕੀਆਂ ਦਾ ਫਾਇਦਾ ਉਠਾਉਂਦਾ ਹੈ। ਜੋ ਕਾਨੂੰਨੀ ਹੈ ਜ਼ਰੂਰੀ ਨਹੀਂ ਕਿ ਉਹ ਨੈਤਿਕ ਤੌਰ ਤੇ ਉਚਿਤ ਹੋਵੇ। ਜਿਨ੍ਹਾਂ ਦੇ ਕੋਲ ਬਹੁਤ ਸਾਰਾ ਪੈਸਾ ਜਾਂ ਸ੍ਰੋਤ ਹਨ ਉਸ ਦਾ ਦਾਅਵਾ ਕਰਨ ਵਿੱਚ ਸਮਰੱਥ ਹੋ ਸਕਦੇ ਹਨ ਜੋ ਗੁਆਂਢੀ ਦਾ ਹੈ। ਆਪਣੇ ਖੁਦ ਦੇ ਫਾਇਦੇ ਲਈ ਕਿਸੇ ਦੀ ਲਾਚਾਰੀ, ਅਗਿਆਨਤਾ ਜਾਂ ਜਾਇਦਾਦ ਦਾ ਫਾਇਦਾ ਉਠਾਉਣਾ ਪਰਮੇਸ਼ੁਰ ਦੇ ਕ੍ਰੋਧ ਨੂੰ ਸੱਦਾ ਦੇਣਾ ਹੈ। ਆਹਾਬ ਰਾਜਾ ਨੇ ਨਾਬੋਥ ਦੇ ਅੰਗੂਰੀ ਬਾਗ ਦਾ ਲਾਲਚ ਕੀਤਾ ਸੀ (1 ਰਾਜਿਆਂ 21:1, 2)। ਜਦੋਂ ਨਾਬੋਥ ਨੇ ਇਸ ਨੂੰ ਵੇਚਣ ਤੋਂ ਇਨਕਾਰ ਕਰ ਦਿੱਤਾ, ਅਹਾਬ ਦੀ ਪਤਨੀ ਈਜ਼ਬਲ ਨੇ ਉਸ ਦੇ ਵਿਰੁੱਧ ਝੂਠੇ ਗਵਾਹਾਂ ਨੂੰ ਖਰੀਦਿਆ ਅਤੇ ਉਸ ਨੂੰ ਪਥਰਾਉ ਕਰਵਾਇਆ। ਪਰਮੇਸ਼ੁਰ ਨੇ ਫਰਮਾਨ ਜਾਰੀ ਕੀਤਾ ਕਿ ਇਸ ਸ਼ਾਹੀ ਜੋੜੇ ਨੂੰ ਆਪਣੇ ਪਾਪਾਂ ਦੇ ਕੀਮਤ ਅਦਾ ਕਰਨੀ ਪਵੇਗੀ (1 ਰਾਜਿਆਂ 21:9-23)।

ਕਈ ਵਾਰੀ, ਚੰਗਾ ਇਰਾਦਾ ਰੱਖਣ ਵਾਲੇ ਦੋ ਲੋਕ ਇੱਕੋ ਸਥਿਤੀ ਨੂੰ ਵੱਖ-ਵੱਖ ਢੰਗ ਨਾਲ ਵੇਖ ਸਕਦੇ ਹਨ। ਦੋਵਾਂ ਨੂੰ ਯਕੀਨ ਹੋ ਸਕਦਾ ਹੈ ਕਿ ਉਹ ਸਹੀ ਹਨ। ਜੇਕਰ ਦੋਵੇਂ ਪੱਖ ਮਸੀਹੀ ਹਨ, ਪੌਲੁਸ ਦੀ ਨਸੀਹਤ ਇਹੋ ਹੋਵੇਗੀ ਕਿ ਉਹ ਉਚਿਤ ਮਨੁੱਖਾਂ ਦੇ ਵਾਂਗ ਇੱਕ ਦੂਜੇ ਨਾਲ ਗੱਲ ਕਰਨ, ਦੋਵੇਂ ਇੱਕ ਦੂਜੇ ਦੇ ਪ੍ਰਤੀ ਝੁਕਣ ਦੇ ਲਈ ਤਿਆਰ ਹੋਣ। ਪੌਲੁਸ ਨੇ ਕਿਹਾ ਕਿ ਭਰਾਵਾਂ ਵਿਚਕਾਰ ਇਹੋ ਜਿਹੇ ਝਗੜਿਆਂ ਨੂੰ ਰੁਕਾਵਟਾਂ ਬਣਨ ਦੇਣ ਨਾਲੋਂ "ਕੁਨਿਆਉਂ ਸਹਾਰ ਲੈਣਾ" ਬਿਹਤਰ ਹੈ (1 ਕੁਰਿੰਥੀਆਂ 6:7b)। ਜੇਕਰ ਆਪਸੀ ਸਹਿਮਤੀ ਨਹੀਂ ਬਣਦੀ, ਰਸੂਲ ਨੇ ਜ਼ੋਰ ਦਿੱਤਾ ਕਿ ਭਰਾ ਆਪਣਾ ਮੁਕੱਦਮਾ ਕਲੀਸਿਆ ਵਿੱਚ ਸਿਆਣੇ ਮਨੁੱਖਾਂ ਦੇ ਸਾਹਮਣੇ ਰੱਖਣ। ਮਸੀਹ ਦੇ ਆਤਮਾ ਵਿੱਚ, ਦੋਹਾਂ ਪਾਰਟੀਆਂ ਨੂੰ ਉਨ੍ਹਾਂ ਦੇ ਨਿਆਉਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

ਸਿਰਫ ਕਠੋਰ ਮਾਮਲਿਆਂ ਵਿੱਚ ਹੀ ਇੱਕ ਵਿਸ਼ਵਾਸੀ ਇੱਕ ਭਰਾ ਨੂੰ ਦੁਨਿਆਵੀ ਅਦਾਲਤ ਦੇ ਸਾਹਮਣੇ ਲੈ ਕੇ ਜਾਣ ਦੇ ਲਈ ਸਹੀ ਠਹਿਰੇਗਾ। ਇਹ ਆਖ਼ਰੀ ਉਪਾਅ ਹੋਣਾ ਚਾਹੀਦਾ ਹੈ, ਜਦੋਂ ਝਗੜੇ ਵਿੱਚ ਇੱਕ ਪੱਖ ਭਰੋਸਾ ਕਰਨ ਤੋਂ ਇਨਕਾਰ ਕਰ ਦਿੰਦਾ ਹੈ ਅਤੇ ਸਾਥੀ ਮਸੀਹੀ ਲੋਕਾਂ ਦੇ ਨਿਆਉਂ ਨੂੰ ਰੱਦ ਦਿੰਦਾ ਹੈ। ਇਹੋ ਜਿਹੇ ਮਾਮਲੇ ਵਿੱਚ ਪੈਣ ਨਾਲ ਸਿਰਫ ਹਾਰ ਹੀ ਹੋਵੇਗੀ (6:7)। ਮੰਡਲੀ ਨੂੰ ਅਜਿਹੇ ਕਿਸੇ ਵੀ ਭਰਾ ਦੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਤੇ ਵਿਚਾਰ ਕਰਨ ਦੀ ਲੋੜ ਪੈ ਸਕਦੀ ਹੈ ਜਿਹੜਾ ਅਜਿਹੇ ਲਾਲਚ ਦਾ ਪ੍ਰਦਰਸ਼ਨ ਕਰਦਾ ਹੈ ਅਤੇ ਪ੍ਰਭੂ ਦੀ ਕਲੀਸਿਆ ਦੇ ਨਾਲ ਦੇ ਲਈ ਹਮੇਸ਼ਾ ਅਜਿਹਾ ਨਿਰਾਦਰ ਵਿਖਾਉਂਦਾ ਹੈ।

### ਸ਼ਰਮਿੰਦਗੀ ਅਤੇ ਆਦਰ

ਸ਼ਰਮਿੰਦਗੀ, ਦੋਸ਼, ਆਦਰ, ਘਮੰਡ ਅਤੇ ਚੰਗੇ ਵਿਵੇਕ ਦੇ ਮਨੋਵਿਗਿਆਨਕ ਅਤੇ ਸਮਾਜਕ ਦੋਵੇਂ ਪਰਿਮਾਪ ਹੁੰਦੇ ਹਨ। ਮਨੋਵਿਗਿਆਨਕ ਤੌਰ ਤੇ, ਇੱਕ ਵਿਅਕਤੀ ਦੇ ਅੰਦਰ ਕਿਸੇ ਕੰਮ ਜਾਂ ਵਿਹਾਰ ਦੇ ਪ੍ਰਤੀ ਜਵਾਬ ਵਿੱਚ ਘਮੰਡ ਜਾਂ ਦੋਸ਼ ਦੀਆਂ ਅੰਦਰੂਨੀ, ਨਿੱਜੀ ਭਾਵਨਾਵਾਂ ਹੋ ਸਕਦੀਆਂ ਹਨ। ਇਸ ਦੇ ਨਾਲ-ਨਾਲ, ਉਹ ਇਸ ਤੋਂ ਜਾਣੂ ਹੈ ਕਿ ਜੋ ਉਸ ਨੇ

ਕੀਤਾ ਹੈ ਦੂਜੇ ਉਸ ਬਾਰੇ ਕੀ ਸੋਚਦੇ ਹਨ। ਸ਼ਰਮਿੰਦਗੀ ਅਤੇ ਆਦਰ ਇਹ ਪਰਗਟ ਕਰਦਾ ਹੈ ਕਿ ਇੱਕ ਵਿਅਕਤੀ ਨੂੰ ਉਸ ਦੇ ਮਿੱਤਰਾਂ ਅਤੇ ਪਰਿਵਾਰ ਦੁਆਰਾ ਕਿਸ ਤਰ੍ਹਾਂ ਵੇਖਿਆ ਜਾਂਦਾ ਹੈ। ਆਧੁਨਿਕ ਸੱਭਿਆਚਾਰਾਂ ਵਿੱਚ ਲੋਕ ਜਿਸ ਤਰੀਕੇ ਨਾਲ ਦੋਸ਼ ਅਤੇ ਚੰਗੇ ਵਿਵੇਕ ਨੂੰ ਸਮਝਦੇ ਹਨ ਉਹ ਪ੍ਰਾਚੀਨ ਯੂਨਾਨੀ-ਰੋਮੀ ਸੰਸਾਰ ਨਾਲੋਂ ਬਹੁਤ ਹੀ ਵੱਖਰਾ ਹੈ। ਇਨ੍ਹਾਂ ਗੁਣਾਂ ਦੇ ਸਮਾਜਕ ਪਰਿਮਾਪ ਅੱਜ ਨਾਲੋਂ ਪ੍ਰਾਚੀਨ ਸੰਸਾਰ ਵਿੱਚ ਜ਼ਿਆਦਾ ਅੰਕਿਤ ਸਨ। ਸਮਾਜਕ ਪਦਵੀ ਦੀ ਚਿੰਤਾ ਇਸ ਪੁਰਾਣੀ ਯਹੂਦੀ ਪ੍ਰਾਰਥਨਾ ਵਿੱਚ ਵੇਖੀ ਜਾ ਸਕਦੀ ਹੈ: "ਅਤੇ ਮੈਨੂੰ ਪਾਪ ਦੇ ਹੱਥਾਂ ਵਿੱਚ ਨਾ ਦਿਹ, ਨਾ ਹੀ ਅਪਰਾਧ ਦੇ ਹੱਥਾਂ ਵਿੱਚ, ਨਾ ਹੀ ਅਜ਼ਮਾਇਸ਼ ਦੇ ਹੱਥਾਂ ਵਿੱਚ, ਨਾ ਹੀ ਸ਼ਰਮਿੰਦਗੀ ਦੇ ਹੱਥਾਂ ਵਿੱਚ।"[22]

ਜਦੋਂ ਪੌਲੁਸ ਨੇ ਕੁਰਿੰਥੀਆਂ ਨੂੰ ਆਖਿਆ, "ਮੈਂ ਤੁਹਾਨੂੰ ਲੱਜਿਆਵਾਨ ਕਰਨ ਲਈ ਇਹ ਆਖਦਾ ਹਾਂ" (6:5), ਉਹ ਉਨ੍ਹਾਂ ਨੂੰ ਇਹ ਨਹੀਂ ਸੀ ਕਹਿ ਰਿਹਾ ਕਿ ਕੋਈ ਛੋਟੀ ਜਿਹੀ, ਅੰਦਰੂਨੀ ਅਵਾਜ਼ ਉਨ੍ਹਾਂ ਦੀ ਨਿੰਦਾ ਕਰੇਗੀ। ਪੌਲੁਸ ਅਤੇ ਉਸ ਦੇ ਪਹਿਲੇ ਪਾਠਕਾਂ ਦੇ ਲਈ ਸ਼ਰਮਿੰਦਗੀ ਇੱਕ ਨਿੱਜੀ ਗੱਲ ਨਹੀਂ ਸੀ। ਖੁੱਲ੍ਹੇਆਮ ਕੀਤਾ ਗਿਆ ਪਾਪ ਉਨ੍ਹਾਂ ਦੇ ਮਸੀਹੀ ਸਮਾਜ ਦੇ ਲਈ ਸ਼ਰਮਿੰਦਗੀ ਲੈ ਕੇ ਆਵੇਗਾ, ਦੂਜੀਆਂ ਮੰਡਲੀਆਂ ਦੀਆਂ ਨਜ਼ਰਾਂ ਵਿੱਚ ਅਤੇ ਬੇਪਰਤੀਤੇ ਸੰਸਾਰ ਦੇ ਸਾਹਮਣੇ। ਜਦੋਂ ਇੱਕ ਭਰਾ ਦੂਜੇ ਦੇ ਵਿਰੁੱਧ ਮੁਕੱਦਮਾ ਕਰਨ ਦੇ ਲਈ ਗਿਆ, ਸਮੁੱਚੀ ਕਲੀਸਿਆ ਦੀ ਪ੍ਰਤਿਸ਼ਠਾ ਨੂੰ ਨੁਕਸਾਨ ਪਹੁੰਚਿਆ। ਸ਼ਰਮਿੰਦਗੀ ਇੱਕ ਸਮਾਜਕ ਮਸਲਾ ਸੀ।

ਨਿਹਚਾ ਦੇ ਮਨੋਵਿਗਿਆਨਕ ਅਤੇ ਸਮਾਜਕ ਦੋਵੇਂ ਪਰਿਮਾਪ ਪਰਮੇਸ਼ੁਰ ਨਾਲ ਇੱਕ ਬਚੇ ਹੋਏ ਰਿਸ਼ਤੇ ਵਿੱਚ ਜੀਉਣ ਦੇ ਲਈ ਮਹੱਤਵਪੂਰਣ ਹਨ। ਫਿਰ ਵੀ, ਸਦੀਆਂ ਤੋਂ, ਮਸੀਹੀ ਚੇਤਨਾ ਵਿੱਚ ਸਮਾਜਕ ਪਰਿਮਾਪ ਘੱਟ ਹੋ ਚੁੱਕਾ ਹੈ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਆਮ ਸਵਾਲ "ਕੀ ਯਿਸੂ ਤੁਹਾਡਾ ਨਿੱਜੀ ਮੁਕਤੀਦਾਤਾ ਹੈ?" ਦਾ ਅਰਥ ਇਹ ਹੈ ਕਿ ਇੱਕ ਵਿਅਕਤੀ ਪ੍ਰਭੂ ਦੇ ਬਾਰੇ ਕੀ ਮਹਿਸੂਸ ਕਰਦਾ ਹੈ ਅਤੇ ਇਹੋ ਮਾਇਨੇ ਰੱਖਦਾ ਹੈ ਜਦਕਿ ਕਲੀਸਿਆਈ ਜੀਵਨ ਦਾ ਕੋਈ ਮਹੱਤਵ ਨਹੀਂ ਹੈ। ਇਸ ਦੇ ਉਲਟ, ਇੱਕ ਮਸੀਹੀ ਹੋਣਾ ਇਹ ਮੰਗ ਕਰਦਾ ਹੈ ਕਿ ਵਿਅਕਤੀ ਵਿਸ਼ਵਾਸੀਆਂ ਦੀ ਸੰਗਤੀ ਵਿੱਚ ਭਾਗੀਦਾਰ ਹੋਵੇ ਅਤੇ ਕਲੀਸਿਆ ਦੇ ਇੱਕ ਜ਼ਰੂਰੀ ਹਿੱਸੇ ਦੇ ਰੂਪ ਵਿੱਚ ਸੇਵਾ ਕਰੇ (ਵੇਖੋ 1 ਕੁਰਿੰਥੀਆਂ 12:12, 13)। ਸ਼ਰਮਿੰਦਗੀ, ਦੋਸ਼, ਆਦਰ, ਘਮੰਡ ਜਾਂ ਇੱਕ ਚੰਗੇ ਵਿਵੇਕ ਦਾ ਅਨੁਭਵ ਇੱਕ ਮਸੀਹੀ ਸਮਾਜ ਵਿੱਚ ਹੋਣ ਦੇ ਸੰਦਰਭ ਵਿੱਚ ਆਉਂਦਾ ਹੈ।

## ਸਮਲਿੰਗਕਤਾ

ਉਨ੍ਹਾਂ ਵਿੱਚ ਜਿਨ੍ਹਾਂ ਨੂੰ ਪੌਲੁਸ ਨੇ ਕਿਹਾ ਸੀ ਕਿ "ਪਰਮੇਸ਼ੁਰ ਦੇ ਰਾਜ ਦੇ ਅਧਿਕਾਰੀ ਨਹੀਂ ਹੋਣਗੇ" "ਜਨਾਨੜੇ" ਅਤੇ "ਮੁੰਡੇਬਾਜ" ਹਨ (6:9)। ਅਰਥ ਸਪੱਸ਼ਟ ਹੈ। NASB ਬਾਈਬਲ ਦੇ ਅਨੁਵਾਦਕਾਂ ਨੇ "ਜਨਾਨੜੇ" ਸ਼ਬਦ ਦਾ ਜੋ ਅਨੁਵਾਦ ਕੀਤਾ ਹੈ ਉਸ ਦਾ ਸ਼ਾਬਦਿਕ ਰੂਪ ਵਿੱਚ ਅਰਥ ਇਹ ਹੈ "ਮਰਦ ਜਿਹੜੇ ਮਰਦਾਂ ਨਾਲ ਸੰਭੋਗ ਕਰਦੇ ਹਨ।" ਲਿਖਤਾਂ ਦੇ ਅਧਿਕਾਰ ਜਾਂ ਬਾਈਬਲ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਲਿਖੀ ਗਈ ਹੈ, ਇਸ ਸੰਬੰਧੀ ਭਾਵੇਂ ਕੋਈ ਜੋ ਮਰਜ਼ੀ ਵਿਸ਼ਵਾਸ ਕਰੇ, ਇਹ ਸ਼ਬਦ ਕਿਸੇ ਨੂੰ ਵੀ ਇਹ ਦਲੀਲ ਦੇਣ ਦਾ ਮੌਕਾ ਨਹੀਂ ਦਿੰਦੇ ਕਿ ਬਾਈਬਲ ਸਮਲਿੰਗਕਤਾ ਦੀ ਨੈਤਿਕ ਸਵੀਕਾਰਤਾ ਦੇ ਬਾਰੇ ਨਿਰਪੱਖ ਹੈ।

ਕੁਝ ਲੋਕ ਇਹ ਜ਼ੋਰ ਦੇਣ ਦੁਆਰਾ ਸਮਲਿੰਗਕਤਾ ਨੂੰ ਸਹੀ ਠਹਿਰਾਉਣਾ ਚਾਹੁੰਦੇ ਹਨ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਉਸੇ ਤਰੀਕੇ ਨਾਲ ਬਣਾਇਆ ਹੈ। ਉਨ੍ਹਾਂ ਦੀ ਦਲੀਲ ਇਹ ਹੁੰਦੀ ਹੈ ਕਿ ਸਮਲਿੰਗਕਤਾ ਸੁਭਾਵਕ ਹੈ, ਜਿਵੇਂ ਵਾਲਾਂ ਦਾ ਰੰਗ ਜਾਂ ਸਰੀਰ ਦੀ ਰਚਨਾ ਸੁਭਵਾਕ ਹੈ। ਮਸੀਹੀ ਲੋਕ ਜ਼ੋਰ ਦਿੰਦੇ ਹਨ ਕਿ ਸਰੀਰਕ ਗੁਣ ਜਿਵੇਂ ਕਿ ਵਾਲਾਂ ਦਾ ਕੁਦਰਤੀ ਰੰਗ ਸਮਲਿੰਗਕਤਾ ਦੇ ਕੰਮ ਵਰਗਾ ਨਹੀਂ ਹੈ, ਕਿਉਂਕਿ ਸਮਲਿੰਗਕਤਾ ਇੱਕ ਪ੍ਰਵਿਰਤੀ ਹੈ ਜਿਸ ਦਾ ਪਾਲਣ ਕਰਨਾ ਇੱਕ ਵਿਅਕਤੀ ਚੁਣ ਜਾਂ ਨਹੀਂ ਵੀ ਚੁਣ ਸਕਦਾ। ਜੇਕਰ ਇੱਕ ਆਦਤ ਦੀ ਤੰਦਰੁਸਤੀ ਦਾ ਮਾਪ ਵਿਅਕਤੀ ਦੀਆਂ ਪ੍ਰਵਿਰਤੀਆਂ ਦੁਆਰਾ ਕੀਤਾ ਜਾਂਦਾ, ਤਾਂ ਸਹੀ ਅਤੇ ਗਲਤ ਸਾਰੇ ਅਰਥ ਨੂੰ ਗਵਾ ਦੇਵੇਗਾ। ਕੋਈ ਵਿਅਕਤੀ ਇਹ ਕਹਿ ਸਕਦਾ ਹੈ ਕਿ ਉਹ ਦੂਜਿਆਂ ਨਾਲੋਂ ਜ਼ਿਆਦਾ ਲਾਲਚੀ ਪੈਦਾ ਹੋਇਆ ਸੀ, ਇਸ ਲਈ ਉਸ ਦੇ ਲਈ ਚੋਰੀ ਸਵੀਕਾਰਣਯੋਗ ਹੋਣੀ ਚਾਹੀਦੀ ਹੈ। ਇਸੇ ਕਿਸਮ ਦਾ ਤਰਕ ਇੱਕ ਬੱਚੇ ਨਾਲ ਛੇੜਛਾੜ ਕਰਨ ਵਾਲੇ ਵਿਅਕਤੀ ਜਾਂ ਇੱਕ ਹਿੰਸਕ ਵਿਅਕਤੀ ਨੂੰ ਸਹੀ ਠਹਿਰਾਉਣ ਲਈ ਵਰਤਿਆ ਜਾ ਸਕਦਾ ਹੈ ਜੋ ਦਾਅਵਾ ਕਰਦਾ ਹੈ ਕਿ ਉਹ ਆਪਣੇ ਗੁੱਸੇ ਤੇ ਕਾਬੂ ਨਹੀਂ ਰੱਖ ਸਕਿਆ।

ਉਗਰਵਾਦੀ ਸਮਲਿੰਗਕ ਨਾ ਸਿਰਫ ਇਹ ਜ਼ੋਰ ਦਿੰਦੇ ਹਨ ਕਿ ਉਨ੍ਹਾਂ ਨੂੰ ਆਪਣੇ ਜੀਵਨ ਦਾ ਰਾਹ ਚੁਣਨ ਦਾ ਹੱਕ ਹੈ, ਪਰ ਉਹ ਇਹ ਜ਼ੋਰ ਵੀ ਦਿੰਦੇ ਹਨ ਕਿ ਬਾਕੀ ਸਾਰਿਆਂ ਨੂੰ ਵੀ ਉਨ੍ਹਾਂ ਦੇ ਕੰਮਾਂ ਨੂੰ ਸਵੀਕਾਰਯੋਗ ਸਮਝਣਾ ਚਾਹੀਦਾ ਹੈ। ਫਿਰ ਵੀ, ਬਾਈਬਲ ਇਸ ਮਸਲੇ ਤੇ ਸਪੱਸ਼ਟ ਤੌਰ ਤੇ ਬੋਲਦੀ ਹੈ। ਭੇਦਭਾਵ, ਹਿੰਸਾ ਅਤੇ ਕਾਨੂੰਨ ਦੁਆਰਾ ਪਾਬੰਦੀ ਸਮਲਿੰਗਕਤਾ ਨੂੰ ਖਤਮ ਕਰਨ ਦੇ ਵਿਕਲਪ ਨਹੀਂ ਹਨ; ਪਰ ਜਦੋਂ ਉਹ ਲੋਕ ਜਿਹੜੇ ਉਸ ਦਾ ਪਾਲਣ ਕਰਦੇ ਹਨ ਜਿਸ ਨੂੰ ਬਾਈਬਲ ਪਾਪ ਸਮਝਦੀ ਹੈ ਜ਼ੋਰ ਦਿੰਦੇ ਹਨ ਕਿ ਮਸੀਹੀ ਲੋਕ ਉਨ੍ਹਾਂ ਨੂੰ ਕਬੂਲ ਕਰਨ, ਤਾਂ ਉਹ ਦੂਜਿਆਂ ਦੇ ਹੱਕਾਂ ਅਤੇ ਅੰਤਹਕਰਨਾਂ ਦੀ ਉਲੰਘਣਾ ਕਰ ਰਹੇ ਹਨ। ਵਿਆਹ, ਜਿਵੇਂ ਕਿ ਬਾਈਬਲ ਵਿੱਚ ਸਿਖਾਇਆ ਗਿਆ ਹੈ, ਇੱਕ ਮਰਦ ਅਤੇ ਇੱਕ ਔਰਤ ਵਿਚਕਾਰ ਹੁੰਦਾ ਹੈ (ਉਤਪਤ 2:24; ਮੱਤੀ 19:5)। ਸਮਲਿੰਗਕਤਾ ਦਾ ਪਾਲਣ ਵਿਅਕਤੀ ਨੂੰ ਸੁਰਗ ਦੇ ਰਾਜ ਵਿੱਚ ਦਾਖ਼ਲ ਹੋਣ ਤੋਂ ਰੋਕਦਾ ਹੈ। ਬਾਈਬਲ ਦੀ ਸਿੱਖਿਆ ਮਸੀਹੀ ਲੋਕਾਂ ਨੂੰ ਇਸ ਨੂੰ ਹੋਰ ਕਿਸੇ ਨਜ਼ਰੀਏ ਤੋਂ ਵੇਖਣ ਦੀ ਇਜਾਜ਼ਤ ਨਹੀਂ ਦਿੰਦੀ।

---

ਟਿੱਪਣੀਆਂ

[1]ਇਸ ਭਾਗ ਦਾ ਸਿਰਲੇਖ *ਅਬੰਡੈਂਟ ਲਾਈਫ ਬਾਈਬਲ, ਨਿਊ ਲਿਵਿੰਗ ਟ੍ਰਾਂਸਲੇਸ਼ਨ*, ਦੂਜੀ ਜਿਲਦ (ਵੀਹਟਨ, ਇਲੀਨੋਇਸ: ਟਿੰਡੇਲ ਹਾਊਸ ਪਬਲਿਸ਼ਰਜ਼, 2004) ਸਫ਼ਾ 873 ਵਿੱਚੋਂ ਲਿਆ ਗਿਆ ਹੈ। [2]ਵਾਇਨ ਏ. ਮੀਕਸ, *ਦ ਫਸਟ ਅਰਬਨ ਕ੍ਰਿਸਚਨਸ: ਦ ਸੋਸ਼ਲ ਵਰਲਡ ਆਫ਼ ਦਿ ਅਪੋਸਲ ਪੌਲ*, ਦੂਜੀ ਜਿਲਦ (ਨਿਊ ਹੇਵਨ, ਕਨੈਕਟੀਕਟ: ਯੇਲ ਯੂਨੀਵਰਸਿਟੀ ਪ੍ਰੈਸ, 2003), 129. [3]ਡੇਵਿਡ ਈ. ਗਾਰਲੈਂਡ, *1 ਕੁਰਿੰਥੀਅਨਜ਼*, ਬੇਕਰ ਐਕਸੇਜੈਟੀਕਲ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਅਕੈਡਮਿਕ, 2003), 197. ਗਾਰਲੈਂਡ ਨੇ ਪ੍ਰਾਚੀਨ ਸ੍ਰੋਤਾਂ ਦਾ ਹਵਾਲਾ ਦਿੱਤਾ ਜੋ ਉਸ ਦੇ ਦਾਅਵਿਆਂ ਦਾ ਸਮਰਥਨ ਕਰਦੇ ਹਨ। [4]ਸਿਸੇਰੋ *ਅਗੇਂਸਟ ਵੀਰੈਸ* 1.1.1. [5]ਈਮਿਲ ਸਕੁਰਰ, *ਦ ਹਿਸਟਰੀ ਆਫ਼ ਦ ਜਿਊਇਸ਼ ਪੀਪਲ ਇਨ ਦ ਏਜ ਆਫ਼ ਜੀਸਸ ਕ੍ਰਾਈਸਟ*, ਸੋਧ ਅਤੇ ਰਚਨਾ ਗੀਜ਼ਾ ਵਰਮਸ, ਫਰਗੁਸ ਮਲਿਰ ਅਤੇ ਮਾਰਟਨਿ ਗੁਡਮੈਨ (ਐਡਿਨਬਰਗ: ਟੀ ਐਂਡ ਟੀ ਕਲਾਰਕ, 1986; ਦੁਬਾਰਾ ਛਪਾਈ, ਲੰਡਨ: ਬਲੂਮਸਬਰੀ, 2014), 3:119. [6]ਉਪਰੋਕਤ ਅਨੁਸਾਰ, 3:119-20. [7]ਗੋਰਡਨ ਡੀ. ਫੀ, *ਦ ਫਸਟ ਏਪਿਸਲ ਟੂ ਦ ਕੁਰਿੰਥੀਅਨਜ਼*, ਦ ਨਿਊ ਇੰਟਰਨੈਸ਼ਨਲ ਕਮੈਂਟਰੀ

ਆਨ ਦ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1987), 233. [8]ਵਾਲਟਰ ਬਾਉਰ, *ਏ ਗਰੀਕ-ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਨ ਲਿਟਰੇਚਰ*, ਤੀਜਾ ਸੰਸਕਰਣ, ਸੋਧ ਅਤੇ ਸੰਪਾਦਨ, ਫਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈਸ, 2000), 613. [9]ਡੇਵਿਡ ਈ. ਮਲਿਕ, "ਦ ਕੰਡਮਨੇਸ਼ਨ ਆਫ਼ ਹੋਮੋਸੈਕਸੁਐਲਿਟੀ ਇਨ 1 ਕੁਰਿੰਥੀਅਨਜ਼ 6:9," *ਬਿਬਲੀਓਥੀਕਾ ਸਾਕਰਾ* 150 (ਅਕਤੂਬਰ-ਦਿਸੰਬਰ 1993): 490. [10]ਸਟੈਨਲੀ ਜੇ. ਗਰੇਂਨਜ਼. *ਸੈਕਸੁਅਲ ਐਥਿਕਸ: ਏ ਬਿਬਲੀਕਲ ਪਰਸਪੈਕਟਿਵ* (ਡਾਲਸ: ਵਰਡ ਪਬਲਿਸ਼ਰਜ਼, 1990), 206.

[11]ਬੈਨ ਵਿਦਰਿੰਗਟਨ III, *ਕੌਨਫਲਿਕਟ ਐਂਡ ਕਮਿਊਨਟੀ ਇਨ ਕੋਰਿੰਥ: ਏ ਸੋਸ਼ੀਓ-ਰਿਓਟੋਰੀਕਲ ਕਮੈਂਟਰੀ ਆਨ 1 ਐਂਡ 2 ਕੁਰਿੰਥੀਅਨਜ਼* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1995), 166. [12]*1 ਕਲੀਮੈਂਟ* 59.3. [13]ਮੀਕਸ, 102. [14]ਫੀ ਦੁਆਰਾ "ਅਸ਼ਨਾਨ" ਅਤੇ ਬਪਤਿਸਮੇ ਨੂੰ ਅਲੱਗ ਕਰਨ ਦੇ ਲਈ ਉਚਿਤ ਜਵਾਬ ਵਾਸਤੇ ਸੋਚ-ਵਿਚਾਰ ਦੀ ਲੋੜ ਪਵੇਗੀ (ਫੀ, 246-47)। ਹੋਰਨਾਂ ਗੱਲਾਂ ਦੇ ਵਿੱਚ, ਇਹ ਪ੍ਰਸਿੱਧ ਹੈ ਕਿ ਨਵੇਂ ਨੇਮ ਦੇ ਲੇਖਕ ਬਾਰ-ਬਾਰ ἐν (*ਏਨ*) ਅਤੇ εἰς (*ਈਸ*) ਸੰਬੰਧਸੂਚਕਾਂ ਦੀ ਅਦਲਾ ਬਦਲੀ ਕਰਦੇ ਹਨ। ਪੌਲੁਸ ਦੀ "ਨਾਮ ਦੇ ਵਿੱਚ" ਦੀ ਬਜਾਇ "ਨਾਮ ਵਿੱਚ" ਦੀ ਵਰਤੋਂ ਵਿਚਾਰ ਤੋਂ ਬਪਤਿਸਮੇ ਨੂੰ ਖਾਰਜ ਕਰਨ ਦਾ ਕਾਰਣ ਪੇਸ਼ ਕਰਦੀ ਹੈ। ਤੀਤੁਸ 3:5 ਵਿੱਚ ਬਪਤਿਸਮਾ, ਅਸ਼ਨਾਨ ਅਤੇ ਨਵਾਂ ਜਨਮ ਬਹੁਤ ਹੀ ਨੇੜਿਓਂ ਸੰਧ ਵਿੱਚ ਹਨ। ਇਹ ਇੱਕ ਚੰਗੇ ਕਾਰਣ ਦੇ ਨਾਲ ਹੈ ਕਿ ਟਿੱਪਣੀਕਾਰ ਪਤਰਸ ਦੀ ਪੱਤ੍ਰੀ ਵਿੱਚ ਬਪਤਿਸਮੇ ਦੀ ਭਾਸ਼ਾ ਨੂੰ ਨਵੇਂ ਜਨਮ ਦੇ ਹਵਾਲੇ ਨਾਲ ਵੇਖਦੇ ਹਨ (1 ਪਤਰਸ 1:23-2:3)। [15]ਉਕਤ ਅਨੁਸਾਰ, 248. [16]ਇਸ ਭਾਗ ਦਾ ਸਿਰਲੇਖ *ਅਬੰਨਡੈਂਟ ਲਾਈਫ਼ ਬਾਈਬਲ*, *ਨਿਊ ਲਿਵਿੰਗ ਟਰਾਂਸਲੇਸ਼ਨ*, ਦੂਜੀ ਜਿਲਦ (ਵੀਹਟਨ, ਇਲੀਨੋਇਸ: ਟਿੰਡੇਲ ਹਾਊਸ ਪਬਲਿਸ਼ਰਜ਼, 2004) ਵਿੱਚੋਂ ਸਫ਼ਾ 873 ਤੋਂ ਲਿਆ ਗਿਆ ਹੈ। [17]ਜੇਮਸ ਡੀ. ਜੀ. ਡੱਨ, *ਦ ਥੀਓਲੋਜੀ ਆਫ਼ ਪੌਲ ਦਿ ਅਪੌਸਲ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1998), 58. [18]ਗਾਰਲੈਂਡ, 234. [19]"ਟੈਸਟਾਮੈਂਟਸ ਆਫ਼ ਦ ਟਵੈਲਵ ਪੈਟਰੀਆਰਕਸ," 5:3, ਅਨੁਵਾਦ, ਐਚ. ਸੀ. ਕੀ, ਇਨ ਜੇਮਸ ਐਚ. ਚਾਰਲਸਵਰਥ, ਸੋਧ, *ਦਿ ਓਲਡ ਟੈਸਟਾਮੈਂਟ ਸਿਊਡੇਪਿਗਰਾਫਾ* (ਗਾਰਡਨ ਸਿਟੀ, ਨਿਊਯਾਰਕ: ਡੱਬਲਡੇਅ ਐਂਡ ਕੰਪਨੀ, 1983), 1:786. [20]ਜਿਮੀ ਐਲਨ, *ਸਰਵੇ ਆਫ਼ ਰੋਮਨਜ਼*, ਸਤਵੀਂ ਜਿਲਦ (ਸੀਰਕਾਈ, ਆਰਕੈਨਸ: ਬਾਏ ਦਿ ਆਥਰ, 1994), 105.

[21]ਇਹ ਸੱਚ ਸੀ ਹਾਲਾਂਕਿ ਪੌਲੁਸ ਨੇ ਦੂਜੇ ਵਿਅਕਤੀ "ਤੁਸੀਂ" ਲਈ ਬਹੁਵਚਨ ਪੜਨਾਵਾਂ ਦੀ ਵਰਤੋਂ ਕੀਤੀ ਸੀ। ਕੁਰਿੰਥੁਸ ਵਿੱਚ ਜੋ ਸਾਰੇ ਮਸੀਹੀ ਲੋਕਾਂ ਦੇ ਲਈ ਸੱਚ ਸੀ ਉਹ ਵਿਅਕਤੀਗਤ ਤੌਰ ਤੇ ਉਨ੍ਹਾਂ ਸਭਨਾਂ ਦੇ ਲਈ ਸੱਚ ਸੀ। [22]ਤਾਲਮੁਡ *ਬੇਰਾਕੋਥ* 60b.